


www.PunjabiLibrary.com

# ਕੱਚ ਦੇ ਸੁਪਨੇ (ਭਾਗ - 3)

**............ ਸੁਪਨੇ ਪੂਰੇ ਕਰਨ ਵੇਲੇ ਕਿਉਂ ਸੌਂ ਰਹੀ ਜ਼ਿੰਦਗੀ?**

........ ਕਿਸੇ ਨੂੰ ਮਾੜਾ ਕਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ,

ਅਥਰੂਆਂ ਰਾਹੀਂ ਵਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ।।

✍ਗੁਰਦੀਪ ਸਿੰਘ ਰੱਖੜਾ



www.PunjabiLibrary.com

...... ਤਕਰੀਬਨ ਦਸ ਪੰਦਰਾਂ ਮਿੰਟਾਂ ਤੱਕ ਮੈਂ ਸੁਖਵਿੰਦਰ ਨੂੰ ਅਪਣੇ ਆਪ ਤੋਂ ਦੂਰ ਨਾ ਕੀਤਾ ਤੇ ਅਸੀਂ ਇੱਕ ਦੂਸਰੇ ਨੂੰ ਘੁੱਟ ਕੇ ਜੱਫ਼ੀ ਪਾਈ ਰੱਖੀ। ਮੈਨੂੰ ਪਤਾ ਨ੍ਹੀ ਕਿਸ ਗੱਲ ਦੀ ਐਨੀ ਜ਼ਿਆਦਾ ਖੁਸ਼ੀ ਹੋਈ ਪਈ ਸੀ, ਜਿਹੜਾ ਮੈਂ ਉਸ ਨੂੰ ਅਪਣੇ ਆਪ ਤੋਂ ਦੂਰ ਹੀ ਨਹੀਂ ਸੀ ਕਰ ਰਿਹਾ।

ਪਰਵੀਨ :- ਹਟ ਜੋ ਪਤੰਦਰੋਂ ਮਰਵਾਉਣਾ ਹੁਣ ਤੁਸੀਂ...? ਐਥੇ ਲੋਕੀਂ ਵੱਸਦੇ ਨੇ ਆਲੇ-ਦੁਆਲੇ ਜੇ ਕਿਸੇ ਨੇ ਦੇਖ ਲਿਆ ਫ਼ੇਰ ਨਾਲ਼ੇ ਤਾਂ ਗਾਲਾਂ ਕੱਢਣ ਗੇ ਤੇ ਪੀ - ਜ਼ੀ ਚੌਂ ਵੀ ਕੱਢਣ ਗੇ ਉਹ ਅਲੱਗ।

ਹੁਣ ਕੋਈ ਗੱਲਾਂ ਵੀ ਕਰਲੋ ਬੈਠ ਕੇ ਕਿਸੇ ਜਗ੍ਹਾ ਤੇ ਕਿ ਐਵੇਂ ਹੀ ਜੱਫ਼ੀ ਪਾਈ ਰੱਖਣਾ।

(ਪਰਵੀਨ ਨੇ ਸਾਨੂੰ ਟੋਕਦਿਆਂ ਕਿਹਾ, ਪਰ ਅਸੀਂ ਪਤਾ ਨ੍ਹੀ ਕਿਹੜੀ ਦੁਨੀਆ ਵਿੱਚ ਖੋ ਗਏ ਸੀ, ਜਿਹੜਾ ਦੁਨੀਆਂ ਦਾ ਫ਼ਿਕਰ ਹੀ ਮੁੱਕ ਗਿਆ ਸੀ। (ਪਰ ਪਰਵੀਨ ਦੇ ਕਹੇ ਤੇ ਅਸੀਂ ਇੱਕ ਦੂਜੇ ਨੂੰ ਛੱਡ ਦਿੱਤਾ ਤੇ ਮੇਰੇ ਦਿਲ ਵਿੱਚ ਜੋ ਵੀ ਸੁਖਵਿੰਦਰ ਨੂੰ ਲੈ ਕੇ ਇੰਨੇ ਸਾਰੇ ਸਵਾਲ ਇਕੱਠੇ ਹੋਏ ਪਏ ਸੀ, ਮੈਂ ਉਸਨੂੰ ਉਹ ਪੁੱਛਣ ਲੱਗਾ)

ਮੈਂ ਉਸਨੂੰ ਪੁੱਛਿਆ ਸੁਖਵਿੰਦਰ ਤੂੰ ਏਥੇ ਕਿਵੇਂ.... ਤੇ ਏਹ ਕੀ ਹਾਲਤ ਬਣਾਈ ਆ ਅਪਣੀ... ? ਘਰੇ ਠੀਕ ਤਾਂ ਹੈ ਸਭ.... ? ਨਾਲ਼ੇ ਆ ਸੱਟਾਂ ਕਿਵੇਂ ਲੱਗੀਆਂ


www.PunjabiLibrary.com

... ? ਪਰਵੀਨ ਤੈਨੂੰ ਕਿੱਥੇ ਮਿਲਿਆ... ? ਪਰਵੀਨ ਤੂੰ ਦੱਸ ਦੇ ਯਾਰ.... ? ਤੈਨੂੰ ਸੁਖਵਿੰਦਰ ਕਿਵੇਂ ਤੇ ਕਿੱਥੇ ਮਿਲੀ.... ?

ਫ਼ੇਰ ਸੁਖਵਿੰਦਰ ਬੋਲੀ...

ਸੁਖਵਿੰਦਰ :- ਦੱਸਦੀ ਆਂ ਜੀ.... ਸਭ ਕੁੱਝ ਦੱਸਦੀ ਆਂ... ਪਹਿਲਾਂ ਤੁਸੀਂ ਦੱਸੋ... ਤੁਸੀਂ ਕਿਵੇਂ ਓਂ..?.. ਤੇ ਘਰੇ ਕਿਵੇਂ ਨੇ ਸਾਰੇ..?

ਮੈਂ :- ਮੈਂ ਤਾਂ ਤੇਰੇ ਸਾਹਮਣੇ ਆ... ਮੈਨੂੰ ਕੀ ਹੋਣਾ ਤੇ ਘਰੇ ਵੀ ਵਧੀਆਂ ਨੇ ਸਾਰੇ...। ਪਰ ਤੂੰ ਕੀ ਹਾਲਤ ਬਣਾਈ ਫਿਰਦੀ ਐਂ ਅਪਣੀ...?

ਸਾਨੂੰ ਦੋਵਾਂ ਨੂੰ ਪਰਵੀਨ ਫ਼ੇਰ ਤੋਂ ਰੋਕਦਾ ਬੋਲਿਆ...

ਪਰਵੀਨ :- ਜੇ ਆਪਾਂ ਕਿਤੇ ਬੈਠ ਕੇ ਗੱਲ ਕਰੀਏ ਤਾਂ ਠੀਕ ਨ੍ਹੀ... ?... ਏਥੇ ਐਵੇਂ ਚੰਗਾ ਨ੍ਹੀ ਲੱਗਦਾ.... ਕੋਲ ਹੀ ਪਾਰਕ ਆ ਆਪਾਂ ਓਥੇ ਚਲਦੇ ਆਂ... ।

ਮੈਂ :- ਹਾਂ ਠੀਕ ਐ..? ਓਥੇ ਬੈਠ ਕੇ ਗੱਲ ਕਰ ਲੈਂਦੇ ਆਂ... ਤੇ ਪਰਵੀਨ.... ਉੱਪਰ ਮੈਂ ਪੀ. ਜੀ. ਵਾਲਾ ਕਮਰਾ ਖੁੱਲ੍ਹਾ ਹੀ ਛੱਡ ਕੇ ਆਇਆ ਸੀ... ਤੂੰ ਬੰਦ ਕਰਕੇ ਆ ਭੱਜ ਕੇ...।

ਪਰਵੀਨ :- ਠੀਕ ਐ ਜੀ... ਮੈਂ ਬਸ ਇੱਕ ਮਿੰਟ ਚ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਆਇਆ ।



www.PunjabiLibrary.com

ਪਰਵੀਨ ਭੱਜਿਆ ਭੱਜਿਆ ਦਰਵਾਜ਼ਾ ਬੰਦ ਕਰਕੇ ਵਾਪਿਸ ਆ ਗਿਆ ਤੇ ਅਸੀਂ ਤਿੰਨੇ ਗੱਡੀ ਵਿੱਚ ਬੈਠ ਨਾਲ ਦੇ ਪਾਰਕ 'ਚ ਚਲੇ ਗਏ..., ਜਿੱਥੇ ਅਸੀਂ ਕਦੇ ਕਦੇ ਘੁੰਮਣ ਲਈ ਚਲੇ ਜਾਂਦੇ ਸੀ। ਬੇਸ਼ੱਕ ਅਸੀਂ ਤੁਰਦੇ - ਫਿਰਦੇ ਪਾਰਕ ਆ ਜਾਂਦੇ ਸੀ ਪਰ ਅੱਜ ਸੁਖਵਿੰਦਰ ਦੀ ਹਾਲਤ ਹੀ ਏਹੋ ਜਿਹੀ ਹੋਈ ਪਈ ਸੀ ਕਿ ਉਸ ਨੂੰ ਤੁਰਨ ਲਈ ਮੈਂਥੋ ਕਹਿ ਨਾ ਹੋਇਆ। ਤੇ ਪੀ.ਜੀ. ਵਾਲੇ ਕਮਰੇ ਵਿੱਚ ਅਸੀਂ ਇਸੇ ਲਈ ਨ੍ਹੀ ਗਏ ਕਿਉਂਕਿ ਓਥੇ ਅਸੀਂ ਕਿਸੇ ਵੀ ਕੁੜੀ ਨੂੰ ਨਹੀਂ ਸੀ ਲੈ ਕੇ ਜਾ ਸਕਦੇ ਸੀ। ਤੇ ਮੈਂ ਇਹ ਨਹੀਂ ਸੀ ਚਾਹੁੰਦਾ ਕਿ ਕੋਈ ਵੀ ਸਾਡੇ ਵਾਰੇ ਗ਼ਲਤ ਸੋਚੇ।

ਦੁਪਹਿਰ ਦੇ ਅਜੇ ਤਿੰਨ ਹੀ ਵੱਜੇ ਸੀ ਤੇ ਥੋੜ੍ਹੀ ਥੋੜ੍ਹੀ ਧੁੱਪ ਵੀ ਪੈ ਰਹੀ ਸੀ ਤੇ ਠੰਡੀ ਠੰਡੀ ਹਵਾ ਵੀ ਚੱਲ ਰਹੀ ਸੀ। ਅਜੇ ਪਾਰਕ ਵਿੱਚ ਇੱਕ ਦੋ ਜਾਣੇ ਹੀ ਘੁੰਮਣ ਆਏ ਹੋਏ ਸੀ।

ਉਦੋਂ ਮੈਂਨੂੰ ਖੁਸ਼ੀ ਵੀ ਬਹੁਤ ਸੀ ਕਿ ਅੱਜ ਇੰਨੇ ਸਾਲਾਂ ਬਾਅਦ ਮੇਰੀ ਮੁਲਾਕਾਤ ਮੇਰੀ ਉਸ ਸਕੂਲ ਵਾਲੀ ਦੋਸਤ ਨਾਲ ਹੋਈ, ਪਰ ਦੂਜੇ ਪਾਸੇ ਮੈਂ ਇਹ ਸੋਚ ਸੋਚ ਕੇ ਫ਼ਿਕਰਮੰਦ ਵੀ ਬਹੁਤ ਸੀ, ਕਿ ਐਹੋ ਜਿਹਾ ਇਸ ਦੀ ਜ਼ਿੰਦਗੀ ਵਿੱਚ ਕੀ ਹੋਇਆ ਹੋਵੇਗਾ, ਜੋ ਇਸਦੀ ਹਾਲਤ ਐਹੋ ਜਿਹੀ ਹੋਈ ਹੈ। ਅਜੇ ਮੇਰੇ ਮਨ ਵਿੱਚ ਬਹੁਤ ਸਾਰੇ ਸਵਾਲ ਉਮੜ ਕੇ ਬਾਹਰ ਨੂੰ ਆ ਰਹੇ ਸਨ।

ਉਸ ਵਖ਼ਤ ਮੈਂਨੂੰ ਥੋੜ੍ਹੀ ਥੋੜ੍ਹੀ ਭੁੱਖ ਵੀ ਲੱਗ ਰਹੀ ਸੀ ਤੇ ਮੈਂਨੂੰ ਇਹ ਵੀ ਲੱਗ ਰਿਹਾ ਸੀ ਕਿ ਸੁਖਵਿੰਦਰ ਨੇ ਵੀ ਪਤਾ ਨਹੀਂ ਕੁੱਝ ਖਾਇਆ ਹੋਊ ਜਾਂ ਨਹੀਂ,


www.PunjabiLibrary.com

ਕਿਤੇ ਐਵੇਂ ਹੀ ਨਾ ਭੁੱਖੀ ਹੋਵੇ ਤੇ ਸ਼ਰਮ ਦੀ ਮਾਰੀ ਕੁੱਝ ਖਾਣ ਨੂੰ ਮੰਗ ਨਾ ਰਹੀ ਹੋਵੇ।

ਜੋ ਵੀ ਕੁੱਝ ਪਰਵੀਨ ਸਾਡੇ ਘਰੋਂ ਆਉਂਦਾ ਹੋਇਆ ਖਾਣ ਪੀਣ ਲਈ ਸਮਾਨ ਲੈ ਕੇ ਆਇਆ ਸੀ, ਉਹ ਅਸੀਂ ਪਾਰਕ ਵਿੱਚ ਇੱਕ ਸਾਫ਼ ਜਿਹੀ ਜਗ੍ਹਾ ਤੇ ਬੈਠ ਖਾਣ ਦੀ ਸੋਚੀ ਤੇ ਪਾਰਕ ਵਿੱਚ ਜਾ ਚੌਂਕੜੀ ਮਾਰ ਕੇ ਬੈਠ ਗਏ।

ਪਰਵੀਨ ਨੇ ਸਾਰਾ ਖਾਣ ਪੀਣ ਦਾ ਸਮਾਨ ਓਥੇ ਹੀ ਖੋਲ ਲਿਆ ਤੇ ਅਸੀਂ ਖਾਣ ਲੱਗੇ ਪਰ ਸੁਖਵਿੰਦਰ ਨੇ ਜ਼ਿਆਦਾ ਕੁੱਝ ਨਾ ਖਾਇਆ ਪਤਾ ਨ੍ਹੀ ਕਿਉਂ,,.. ਜਾਂ ਤਾਂ ਉਸਨੂੰ ਸੱਚੀ ਭੁੱਖ ਨਹੀਂ ਸੀ ਜਾਂ ਫਿਰ ਉਸਦਾ ਮਨ ਨਹੀਂ ਸੀ ਕਰ ਰਿਹਾ ਸੀ... ਹਾਂ ਇਹ ਵੀ ਹੋ ਸਕਦਾ ਸੀ ਕਿ ਉਸਨੇ ਕੋਈ ਸ਼ਰਮ ਮੰਨੀ ਹੋਵੇ।

ਅਸੀਂ ਖਾਣਾ ਵਗ਼ੈਰਾ ਖਾ ਲਿਆ ਤੇ ਥੋੜ੍ਹੇ ਜਿਹੇ ਸਮੇਂ ਚੁੱਪ ਰਹਿਣ ਪਿੱਛੋਂ ਮੈਂ ਸੁਖਵਿੰਦਰ ਕੋਲੋਂ ਸਾਰਾ ਕੁੱਝ ਪੁੱਛਣਾ ਚਾਹਿਆ। ਉਸ ਨੇ ਵੀ ਅਪਣਾ ਦਿਲ ਜਿਆ ਹੋਲਾ ਕਰਦੀ ਨੇ ਮੈਂਨੂੰ ਦੱਸਣਾ ਸ਼ੁਰੂ ਕੀਤਾ..।

ਉਸਨੇ ਅਪਣੀ ਸਾਰੀ ਹੱਡ ਬੀਤੀ ਸੁਣਾਉਣੀ ਸ਼ੁਰੂ ਕੀਤੀ ਤੇ ਸੁਣਾਉਂਦੇ ਸੁਣਾਉਂਦੇ ਉਸਦੇ ਰੁਕੇ ਹੋਏ ਹੰਝੂ ਫਿਰ ਤੋਂ ਵਹਿਣ ਲੱਗੇ।

ਪਹਿਲਾ ਬਾਪ ਖੋਇਆ

ਤੇ ਫਿਰ ਖੋਇਆ ਅਪਣੇ ਬੱਚੇ ਨੂੰ,



www.PunjabiLibrary.com

ਖੋਇਆ ਮੇਰਾ ਬਚਪਨ ਏ
ਤੇ ਖੋਇਆ ਸੁਪਨੇ ਕੱਚੇ ਨੂੰ।

ਸੋਹਰੇ ਮੇਰੇ ਖੋ ਲਏ
ਹੁਣ ਤਾਂ ਮੈਂ ਅੱਧ ਮੋਈ ਆਂ,

ਯਾਦ ਕਰ ਰੂਹ ਕੰਬ ਜਾਵੇ
ਜੋ ਮੇਰੇ ਨਾਲ ਹੋਈ ਆ।।

ਕੋਈ ਰਾਜ ਨ੍ਹੀ ਮੰਗਿਆ
ਨਾ ਮੰਗਿਆ ਕੋਈ ਤਖਤ ਏ,

ਇਹ ਕਿਸਮਤ ਮੇਰੀ ਮਾੜੀ ਏ
ਜਾ ਮਾੜਾ ਮੇਰਾ ਵਕ਼ਤ ਏ।

ਗਿਣਤੀ ਵੀ ਨ੍ਹੀ ਯਾਦ ਮੈਨੂੰ
ਜਿੰਨੀ ਵਾਰ ਮੈਂ ਰੋਈ ਆਂ,


www.PunjabiLibrary.com

ਯਾਦ ਕਰ ਰੂਹ ਕੰਬ ਜਾਵੇ

ਜੋ ਮੇਰੇ ਨਾਲ ਹੋਈ ਆ।।

ਕਿਉਂ ਹਰ ਵਾਰ ਕੁੜੀ ਸਹਿੰਦੀ ਏ

ਨਾ ਏਹ ਦੁਨੀਆ ਕੁੱਝ ਵੀ ਕਹਿੰਦੀ ਏ,

ਕਿਉਂ ਖੁਸ਼ੀਆਂ ਵਾਲੀ ਲਕੀਰ

ਮੇਰੇ ਹੱਥਾਂ ਉਤੋਂ ਧੋਈ ਆ,

ਯਾਦ ਕਰ ਰੂਹ ਕੰਬ ਜਾਵੇ

ਜੋ ਮੇਰੇ ਨਾਲ ਹੋਈ ਆ।।

ਦਿਲ ਵਿੱਚ ਹੀ ਰਹਿ ਗਏ ਸਭ

ਨਾ ਭੇਤ ਕਿਸੇ ਨਾਲ ਖੋਲੇ ਨੇ,

ਅੱਜ ਤੱਕ ਪਾਣੀ ਏਨਾ ਪੀਤਾ ਨਾ

ਮੈਂ ਜਿੰਨੇ ਹੰਝੂ ਡੋਲੇ ਨੇ।

ਖ਼ਾਲੀ ਖੋਖਾ ਸ਼ਰੀਰ ਏ ਮੇਰਾ

ਰੂਹ ਤਾਂ ਕਦੋਂ ਦੀ ਮੋਈ ਆ,

ਯਾਦ ਕਰ ਰੂਹ ਕੰਬ ਜਾਵੇ

ਜੋ ਮੇਰੇ ਨਾਲ ਹੋਈ ਆ ||

... ਉਸ ਦੀਆਂ ਗੱਲਾਂ ਸੁਣ ਮੈਂ ਅਪਣੇ ਅਥਰੂਆਂ ਨੂੰ ਵੀ ਨਹੀਂ ਸੀ ਰੋਕ ਪਾਇਆ। ਮੇਰੀ ਆਤਮਾ ਨੂੰ ਜਿਵੇਂ ਇੱਕ ਧੱਕਾ ਜਿਹਾ ਲੱਗਿਆ। ਉਸ ਵੇਲੇ ਮੈਂਨੂੰ ਸੁਖਵਿੰਦਰ ਤੇ ਬਹੁਤ ਜ਼ਿਆਦਾ ਤਰਸ ਵੀ ਆ ਰਿਹਾ ਸੀ ਤੇ ਲਵਪ੍ਰੀਤ ਤੇ ਬਹੁਤ ਜ਼ਿਆਦਾ ਗੁੱਸਾ। ਮੈਂਨੂੰ ਇੰਝ ਲੱਗ ਰਿਹਾ ਸੀ ਕਿ ਜੇਕਰ ਲਵਪ੍ਰੀਤ ਮੇਰੇ ਸਾਹਮਣੇ ਹੁੰਦਾ ਤਾਂ ਪਤਾ ਨ੍ਹੀ ਮੈਂ ਕੀ ਕਰ ਦਿੰਦਾ। ਮੇਰੇ ਕੋਲੋਂ ਸੁਖਵਿੰਦਰ ਦੀ ਇਹ ਹਾਲਤ ਦੇਖੀ ਨਹੀਂ ਸੀ ਜਾ ਰਹੀ, ਪਰ ਮੈਂਨੂੰ ਸਮਝ ਵੀ ਨ੍ਹੀ ਸੀ ਆ ਰਿਹਾ ਕਿ ਮੈਂ ਇਸਦੀ ਮਦਦ ਕਰਾਂ ਤਾਂ ਕਰਾਂ ਕਿਵੇਂ....? ਮੇਰੇ ਮਨ ਵਿੱਚ ਅਜੇ ਇੱਕ ਹੋਰ ਵੀ ਸਵਾਲ ਸੀ ਕਿ ਇਹ ਪਰਵੀਨ ਨੂੰ ਕਿਵੇਂ ਮਿਲੀ ਤੇ ਇਸੇ ਸਵਾਲ ਦੇ ਜਵਾਬ ਲਈ ਮੈਂ ਉਸਨੂੰ ਪੁੱਛਿਆ...



www.PunjabiLibrary.com

ਮੈਂ :- ਫੇਰ ਤੁਸੀਂ ਪਰਵੀਨ ਨੂੰ ਕਿਵੇਂ ਤੇ ਕਿੱਥੇ ਮਿਲੇ... ?

ਸੁਖਵਿੰਦਰ :- ਬਸ....ਜਦੋਂ ਮੇਰੇ ਨਾਲ ਇਸੇ ਤਰ੍ਹਾਂ ਸੋਹਰੇ ਘਰ ਚਲਦਾ ਰਿਹਾ ਤੇ ਮੇਰਾ ਦਰਦ ਮੇਰੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਤਾਂ ਮੇਰੇ ਦਿਮਾਗ ਵਿੱਚ ਮੇਰੀ ਜ਼ਿੰਦਗੀ ਨੂੰ ਇੱਥੇ ਹੀ ਖ਼ਤਮ ਕਰਨ ਦਾ ਖਿਆਲ ਆਇਆ..... ਤੇ ਮੈਂ ਕਿਸੇ ਗੱਡੀ ਨਿੱਚੇ ਆ ਕੇ ਮਰਨ ਦੀ ਕੋਸ਼ਿਸ ਕੀਤੀ,... ਤਾਂ ਦੇਖੋ ਰੱਬ ਦੇ ਰੰਗ.... ਉਹ ਗੱਡੀ ਕਿਸੇ ਹੋਰ ਦੀ ਨਹੀਂ ਬਲਕਿ ਪਰਵੀਨ ਦੀ ਸੀ.... ਜਿਸਨੇ ਸਮੇਂ ਸਿਰ ਬ੍ਰੇਕ ਲਾ ਮੇਰੀ ਜਾਨ ਬਚਾਈ ਤੇ ਮੈਨੂੰ ਡਾਕਟਰ ਕੋਲ ਲੈ ਕੇ ਗਿਆ। ਗੱਲਾਂ ਗੱਲਾਂ ਵਿੱਚ ਇਸ ਨੂੰ ਮੈਂ ਅਪਣੇ ਬਾਰੇ ਦੱਸਿਆ ਤਾਂ ਇਸਨੇ ਅਪਣਾ ਪਿੰਡ ਦਾ ਨਾਮ ਦੱਸਿਆ ਜਿਸਨੂੰ ਸੁਣ ਮੈਨੂੰ ਯਾਦ ਆਇਆ ਕਿ ਤੁਸੀਂ ਵੀ ਓਸੇ ਪਿੰਡ ਤੋਂ ਹੋ ਫ਼ਿਰ ਇਸ ਨੂੰ ਮੈਂ ਤੇਰੇ ਕੋਲ ਆਉਣ ਦੀ ਮੰਗ ਕੀਤੀ ਤੇ ਬਾਕੀ ਹੁਣ ਤੇਰੇ ਸਾਮ੍ਹਣੇ ਹੀ ਹੈ।

ਮੇਰੀਆਂ ਅੱਖਾਂ ਵਿੱਚ ਉਸ ਦੀ ਹੱਡ ਬੀਤੀ ਸੁਣਕੇ ਪਾਣੀ ਆ ਗਿਆ ਸੀ ਤੇ ਉਸਨੇ ਤਾਂ ਉਹ ਦਰਦ ਸਿਹਾ ਸੀ..ਮੈਂ ਹੈਰਾਨ ਸੀ ਕਿ ਕੋਈ ਕਿਵੇਂ ਇੰਨਾਂ ਕੁੱਝ ਸਹਿ ਸਕਦਾ ਹੈ ? ਤੇ ਕੋਈ ਵੀ ਕਿਵੇਂ ਇੰਨਾਂ ਦਰਦ ਕਿਸੇ ਨੂੰ ਦੇ ਸਕਦਾ ਹੈ ਜਿੰਨਾਂ ਕਿ ਲਵਪ੍ਰੀਤ ਨੇ ਦਿੱਤਾ।

ਮੈਂ :- ਕਿਹੋ ਜਿਹੇ ਲੋਕ ਰਹਿੰਦੇ ਨੇ ਇਸ ਦੁਨੀਆਂ ਤੇ... ਕੋਈ ਕਿਵੇਂ ਕਿਸੇ ਨਾਲ ਇੰਨਾਂ ਬੁਰਾ ਕਰ ਸਕਦਾ...? ਮੈਂ ਤਾਂ ਕਹਿੰਦਾ ਹਾਂ ਕਿ ਉਹਨੇ ਜੋ ਕੁੱਝ ਵੀ ਤੇਰੇ

ਨਾਲ ਕੀਤਾ ਏ.. ਰੱਬ ਕਰੇ ਉਹਦੀ ਭੈਣ ਨਾਲ ਵੀ ਏਹੀ ਕੁੱਝ ਹੋਵੇ ਤੇ ਫ਼ੇਰ ਉਹਨੂੰ ਵੀ ਤਾਂ ਪਤਾ ਲੱਗੇ.. ।

(ਮੈਂ ਗੁੱਸੇ ਵਿੱਚ ਉਸ ਨੂੰ ਬਹੁਤ ਗਾਲਾਂ ਦੇ ਰਿਹਾ ਸੀ)

ਸੁਖਵਿੰਦਰ :- ਅੱਛਾ ਜੀ... ਪਰ ਕਿਉਂ ਉਹਦੀ ਭੈਣ ਦੀ ਕੀ ਗ਼ਲਤੀ...? ਕਿਉਂ ਹਰ ਵਾਰ ਮੁੰਡਿਆਂ ਦੀ ਕੀਤੀ ਗ਼ਲਤੀ ਦੀ ਸਜ਼ਾ ਕੁੜੀਆਂ ਨੂੰ ਭੁਗਤਣੀ ਪੈਂਦੀ ਏ?.. ਨਾਲੇ ਉਹਦੀ ਤਾਂ ਕੋਈ ਭੈਣ ਵੀ ਨੀ ਹੈਗੀ .... . ਸ਼ਾਇਦ ਕੋਈ ਹੁੰਦੀ ਵੀ ਤਾਂ ਅਪਣੇ ਭਾਈ ਦੀਆਂ ਕਰਤੂਤਾਂ ਦੇਖ ਸ਼ਰਮ ਨਾਲ ਮਰ ਜਾਂਦੀ.....।

ਮੈਂ :- ਨਾ ਜੀ... ਸੌਰੀ... ਮੇਰੇ ਕਹਿਣ ਦਾ ਮਤਲਬ ਉਹ ਨਹੀਂ ਸੀ.... ਮੈਂ ਵੀ ਗੁੱਸੇ ਵਿੱਚ ਪਤਾ ਨ੍ਹੀ ਕੀ ਕੁੱਝ ਕਹਿ ਗਿਆ..। ਮਾਫ਼ ਕਰਦੋ..।

ਸੁਖਵਿੰਦਰ :- ਨਾ ਜੀ ਮਾਫ਼ੀ ਨਾ ਮੰਗੋ.. ਮੈਂ ਸਮਝ ਸਕਦੀ ਆ..।

ਮੈਂ :- ਨਾ ਪਰ ਤੁਸੀਂ ਤਾਂ ਕਿੰਨਾ ਵਧੀਆ ਖੇਡ ਦੇ ਸੀ... ਨਾਲੇ ਥੋਡੇ ਜਿੱਡਾ ਸਮਝਦਾਰ ਵਿਅਕਤੀ ਵੀ ਮਰਨ ਦਾ ਫ਼ੈਸਲਾ ਲੈ ਸਕਦਾ ਇਹ ਮੈਂ ਕਦੇ ਨ੍ਹੀ ਸੋਚਿਆ ਸੀ। ਮੈਨੂੰ ਇਹ ਉਮੀਦ ਨ੍ਹੀ ਸੀ ਤੇਰੇ ਕੋਲੋਂ। ਜੇਕਰ ਸਮੇਂ ਤੇ ਪਰਵੀਨ ਕਾਰ ਦੀ ਬ੍ਰੇਕ ਨਾ ਲਾਉਂਦਾ ਤਾਂ ਫ਼ੇਰ ਕੀ ਬਣਦਾ



www.PunjabiLibrary.com

(ਮੇਰੀ ਤਾਂ ਸੋਚਕੇ ਹੀ ਰੂਹ ਕੰਬ ਗਈ) ।

ਪਰਵੀਨ ਬਹੁਤ ਬਹੁਤ ਧੰਨਵਾਦ ਵੀਰੇ ਤੇਰਾ। (ਮੈਂ ਪਰਵੀਨ ਦਾ ਧੰਨਵਾਦ ਕੀਤਾ)

ਪਰਵੀਨ :- ਨਾ ਵੀਰ ਧੰਨਵਾਦ ਆਲੀ ਕੀ ਗੱਲ ਐ..? ਜੇ ਸੁਖਵਿੰਦਰ ਦੀ ਜਗ੍ਹਾ ਕੋਈ ਹੋਰ ਵੀ ਹੁੰਦਾ ਤਾਂ ਵੀ ਮੈਂ ਇਹੀ ਕਰਨਾ ਸੀ.. ਨਾਲੇ ਇਹ ਤਾਂ ਰੱਬ ਦੀ ਮਰਜ਼ੀ ਸੀ... ਸੁਖਵਿੰਦਰ ਨੂੰ ਇੱਥੇ ਤੱਕ ਲੈ ਕੇ ਆਉਣ ਦੀ।

ਮੈਂ :- ਹਾਂ ਜੀ ਸਹੀ ਕਹਿ ਰਿਹਾ...। ਹੁਣ ਸੁਖਵਿੰਦਰ ਤੂੰ ਵਧੀਆ ਕੀਤਾ ਐਥੇ ਆ ਗਈ ਤੇ ਹੁਣ ਮੈਂ ਖੁਦ ਤੈਂਨੂੰ ਤੇਰੇ ਘਰ ਛੱਡ ਕੇ ਆਵਾਂਗਾ....।

ਸੁਖਵਿੰਦਰ :- ਨਾ ਜੀ... ਮੈਂ ਘਰ ਨੀ ਜਾਣਾ।

ਮੈਂ :- ਕਿਉਂ..? ਘਰ ਕਿਉਂ ਨ੍ਹੀ ਜਾਣਾ?

ਸੁਖਵਿੰਦਰ :- ਜੇ ਮੈਂ ਘਰ ਜਾਣਾ ਹੁੰਦਾ ਤਾਂ ਕਦੋਂ ਦੀ ਚਲੀ ਜਾਂਦੀ, ਮੈਂ ਬਸ ਹੁਣ ਘਰਦਿਆਂ ਤੇ ਬੋਝ ਨ੍ਹੀ ਬਣਨਾ ਚਾਹੁੰਦੀ। ਮੇਰੇ ਘਰ ਮੇਰੀਆਂ ਛੋਟੀਆਂ ਤਿੰਨ ਭੈਣਾਂ ਹੋਰ ਨੇ ਤੇ ਜੇਕਰ ਮੈਂ ਘਰੇ ਬੈਠ ਗਈ ਤਾਂ ਲੋਕੀਂ ਅਜੀਬ ਜਿਹੀਆਂ

ਗੱਲਾਂ ਕਰਨ ਗੇ ਉਹ ਮੈਂ ਨ੍ਹੀ ਚਾਹੁੰਦੀ..। ਫੇਰ ਮੇਰੀਆਂ ਭੈਣਾਂ ਨੂੰ ਵੀ ਰਿਸ਼ਤਾ ਕੌਣ ਦਊ.... ਮੇਰੀ ਮਾਂ ਨੇ ਹੁਣ ਤੱਕ ਬਹੁਤ ਦੁੱਖ ਦੇਖੇ ਨੇ... ਮੈਂ ਹੁਣ ਉਹਨਾਂ ਨੂੰ ਹੋਰ ਦੁੱਖ ਨ੍ਹੀ ਦੇਣਾ ਚਾਹੁੰਦੀ।

ਮੈਂ :- ਹੈ ਪਾਗਲ... ਕਿੰਨਾ ਜ਼ਿਆਦਾ ਸੋਚਦੀ ਏ ਤੂੰ... ਯਾਰ ਕਮਾਲ ਹੁੰਦੀ ਆ... ਅਪਣੀ ਪੂਰੀ ਕਲਾਸ ਵਿੱਚੋਂ ਤੂੰ ਮੈਨੂੰ ਸਭ ਤੋਂ ਵੱਧ ਸਿਆਣੀ ਲੱਗਦੀ ਸੀ.. ਤੇ ਤੂੰ ਹੀ ਏਹੋ ਜਿਹੀਆਂ ਗੱਲਾਂ ਕਰ ਰਹੀ ਏ..।

ਸੁਖਵਿੰਦਰ :- ਹਾ.. ਹਾ.. ਮੈਂ ਕਿਹੜੇ ਪਾਸੇ ਤੋਂ ਸਿਆਣੀ ਲੱਗੀ ਤੈਨੂੰ..?

ਮੈਂ :- ਬਸ ਮੈਨੂੰ ਨ੍ਹੀ ਪਤਾ... ਅੱਛਾ ਏਹ ਦੱਸ ਜੇ ਘਰ ਨ੍ਹੀ ਜਾਣਾ ਤਾਂ ਕਿੱਥੇ ਜਾਣਾ... ?

ਸੁਖਵਿੰਦਰ :- ਮੈਂ ਤਾਂ ਉਸ ਰੱਬ ਕੋਲ ਜਾਣਾ..।

ਮੈਂ :- ਯਾਰ ਤੂੰ ਸੱਚੀ ਪਾਗਲ ਹੋਗੀ.. । ਕਿਹੋ ਜਿਹੀਆਂ ਗੱਲਾਂ ਕਰ ਰਹੀ ਏ?? ਤੂੰ ਮੇਰੀ ਗੱਲ ਮੰਨ ਤੂੰ ਘਰੇ ਚੱਲ ਓਥੇ ਸਭ ਨੂੰ ਤੇਰੀ ਫ਼ਿਕਰ ਹੋ ਰਹੀ ਹੋਣੀ।

ਸੁਖਵਿੰਦਰ :- ਨਾ ਉਹਨਾਂ ਨੂੰ ਕਿਹੜਾ ਪਤਾ... ਉਹਨਾਂ ਨੂੰ ਤਾਂ ਐਵੇਂ ਹੋਣਾ ਵੀ ਸੋਹਰੇ ਬੈਠੀ ਆ।

ਮੈਂ :- ਆਹੋ ਜੇ ਪਤਾ ਨ੍ਹੀ ਤਾਂ ਫ਼ੇਰ ਕੀ ਕਦੇ ਪਤਾ ਨ੍ਹੀ ਲੱਗਣਾ..? ਤੇਰਾ ਦਿਮਾਗ ਸੱਚੀ ਬੁੱਜ ਹੋ ਗਿਆ। ਚੱਲ ਮੈਂ ਛੱਡ ਕੇ ਆਉਣਾ ਤੈਨੂੰ ਘਰੇ।

ਸੁਖਵਿੰਦਰ :- ਹਾਏ... ਦੇਖੀ ਕਿਵੇਂ ਭਜਾ ਰਹੇ ਓ.. ਚੱਲ ਕੋਈ ਨ੍ਹੀ ਮੈਂ ਆਪੇ ਚੱਲ ਜਾਉਂ.. ਮੈਂ ਵੀ ਤੇਰੀ ਚਿੰਤਾ ਵਧਾਈ ਆਕੇ ... ਐਵੇਂ ਹੀ ਤੇਰੇ ਕੋਲ ਆਈ..। ਤੂੰ ਵੀ ਕੀ ਮਨ ਹੀ ਮਨ ਵਿੱਚ ਮੈਨੂੰ ਗਾਲ੍ਹਾਂ ਕੱਢਦਾ ਹੋਵੇਗਾ...।

ਮੈਂ :- ਜੇ ਤੇਰਾ ਹੋਗਿਆ ਹੋਵੇ ਤਾਂ ਆਪਾਂ ਘਰੇ ਚੱਲਿਏ..,?

ਸੁਖਵਿੰਦਰ :- ਨਹੀਂ ਯਾਰ ਮੈਂ ਘਰ ਵਾਪਿਸ ਜਾਣਾ ਨ੍ਹੀ...।

ਮੈਂ :- ਫ਼ੇਰ ਹੋਰ ਤੂੰ ਦੱਸ ਵੀ ਕੀ ਕਰਨਾ??

ਸੁਖਵਿੰਦਰ :- ਕੁੱਝ ਨ੍ਹੀ ਬੱਸ ਮੇਰੀ ਇੱਕ ਮਦਦ ਕਰਦੋ ਜੇ ਹੋ ਸਕਦਾ.. ।

ਮੈਂ :- ਹਾਂ ਜੀ ਦੱਸੋ.. ਮੈਂ ਕੀ ਕਰਾਂ?

ਸੁਖਵਿੰਦਰ :- ਮੈਨੂੰ ਇੱਥੇ ਹੀ ਕਿਤੇ ਕੋਈ ਕੰਮ ਲਗਵਾਦੋ.. ਜੇ ਮੈਂ ਘਰ ਵੀ ਚਲੀ ਗਈ ਤਾਂ ਓਥੇ ਵੀ ਮੰਮੀ ਤੇ ਬੋਝ ਹੀ ਬਣੂੰ।

ਮੈਂ :- ਚੱਲ ਠੀਕ ਐ ਫ਼ੇਰ... ਪਰ ਤੇਰੇ ਘਰੇ ਜਿਹੜੇ ਤੇਰੀ ਫ਼ਿਕਰ ਕਰਨ ਗੇ...., ਉਹ... ?

ਸੁਖਵਿੰਦਰ :- ਕੋਈ ਨ੍ਹੀ ਮੈਂ ਫੋਨ ਤੇ ਗੱਲ ਕਰ ਲਉਂ,.. ਤੁਸੀਂ ਉਹਦੀ ਚਿੰਤਾ ਨਾ ਕਰੋ... ।

ਮੈਂ :- ਨਹੀਂ ਮੇਰੀ ਗੱਲ ਮੰਨ ਇੱਕ ਵਾਰ ਘਰ ਜਾ ਕੇ ਸਭ ਨੂੰ ਸੱਚ ਸੱਚ ਦੱਸਦੇ... ਮੈਨੂੰ ਪਤਾ ਉਹ ਸਮਝ ਜਾਣਗੇ। ਫ਼ੇਰ ਤੂੰ ਥੋੜ੍ਹੇ ਦਿਨ ਅਪਣੇ ਘਰ ਹੀ ਲਾ ਲਵੀਂ

ਨਾਲੇ ਮੈਨੂੰ ਵੀ ਥੋੜ੍ਹੇ ਦਿਨ ਮਿਲ ਜਾਣ ਗੇ ਕੰਮ ਲੱਭਣ ਲਈ।

ਸੁਖਵਿੰਦਰ :- ਚਲੋ ਠੀਕ ਹੈ... ਵੈਸੇ ਵੀ ਤੂੰ

ਤੁਸੀਂ ਕਿਹੜਾ ਮੰਨਣਾ ਫੇਰ।



www.PunjabiLibrary.com

ਮੈਂ :- ਹਾਂ ਜੀ ਚੱਲੋ... । ਪਰਵੀਨ ਮੈਂ ਛੱਡ ਆਵਾਂ ਯਾਰ ਸੁਖਵਿੰਦਰ ਨੂੰ ਘਰੇ.... ਤੇਰੀ ਗੱਡੀ ਲੈ ਕੇ ਜਾ ਰਿਹਾ...।

ਪਰਵੀਨ :- ਠੀਕ ਐ ਵੀਰੇ.... ਧਿਆਨ ਨਾਲ ਜਾਈਂ.... ਨਾਲੇ ਜੇ ਕੋਈ ਮਦਦ ਦੀ ਜ਼ਰੂਰਤ ਪਈ ਤਾਂ ਜ਼ਰੂਰ ਦੱਸੀ..।

ਮੈਂ :- ਹਾਂ.. ਜੀ.. ਵੀਰੇ... ਜ਼ਰੂਰ,.... ਚੱਲ ਮੈਂ ਚੱਲਦਾ ਹੁਣ।

ਇੰਨਾਂ ਕਹਿ ਮੈਂ ਤੇ ਸੁਖਵਿੰਦਰ ਅਸੀਂ ਦੋਵੇਂ ਗੱਡੀ ਵਿੱਚ ਬੈਠ ਸੁਖਵਿੰਦਰ ਦੇ ਪਿੰਡ ਵੱਲ ਨਿੱਕਲ ਆਏ। ਰਾਸਤੇ ਵਿੱਚ ਬਹੁਤੀਆਂ ਗੱਲਾਂ ਸਾਂਝੀਆਂ ਕੀਤੀਆਂ, ਉਹੀ ਸਕੂਲ ਦੇ ਦਿਨਾਂ ਨੂੰ ਯਾਦ ਕਰਦੇ ਹੋਏ।

ਪੂਰੇ ਰਾਸਤੇ ਮੈਂ ਉਸਨੂੰ ਅਪਣੀ ਕੋਈ ਦਿਲ ਦੀ ਗੱਲ ਨਾ ਦੱਸੀ, ਕਿਉਂਕਿ ਮੈਂਨੂੰ ਉਹ ਵਖ਼ਤ ਉਹ ਸਮਾਂ ਸਹੀ ਨ੍ਹੀ ਸੀ ਲੱਗ ਰਿਹਾ, ਮੈਂਨੂੰ ਇੰਝ ਸੀ ਕਿ ਉਹ ਮੇਰੇ ਵਾਰੇ ਗ਼ਲਤ ਨਾ ਸੋਚੇ ਤੇ ਉਸਨੂੰ ਇੰਝ ਨਾ ਲੱਗੇ ਕਿ ਮੈਂ ਇਕੱਲੀ ਨੂੰ ਦੇਖ ਉਸਦਾ ਫ਼ਾਇਦਾ ਚੁੱਕਣ ਦੀ ਕੋਸ਼ਿਸ ਕਰ ਰਿਹਾ। ਉਸ ਵੇਲੇ ਮੈਂਨੂੰ ਇਹ ਵੀ ਨਹੀਂ ਸੀ ਪਤਾ ਕਿ ਉਸ ਨੂੰ ਮੇਰੇ ਬਾਰੇ ਪਰਵੀਨ ਨੇ ਸਾਰਾ ਕੁੱਝ ਦੱਸ ਦਿੱਤਾ ਹੈ।



www.PunjabiLibrary.com

ਹਾਂ ਪਰ ਇੱਕ ਗੱਲ ਤਾਂ ਸੀ ਹੁਣ ਸੁਖਵਿੰਦਰ ਦੇ ਚਿਹਰੇ ਤੇ ਸੱਚ ਮੁੱਚ ਦਾ ਹਾਸਾ ਸੀ, ਕਿਉਂਕਿ ਅਸੀਂ ਉਹੀ ਆਪਣੀਆਂ ਸਕੂਲ ਵਾਲੇ ਦਿਨਾਂ ਦੀਆਂ ਗੱਲਾਂ ਕਰ ਰਹੇ ਸੀ।

ਸੁਖਵਿੰਦਰ ਨੂੰ ਜਿਵੇਂ ਜਿਵੇਂ ਉਸਦਾ ਪਿੰਡ ਕੋਲ ਆਈ ਜਾ ਰਿਹਾ ਸੀ ਉਵੇਂ ਉਵੇਂ ਫ਼ਿਕਰ ਵੀ ਹੋਈ ਜਾ ਰਿਹਾ ਸੀ, ਕਿ ਉਸਦੇ ਘਰ ਉਹ ਸਭ ਨੂੰ ਕਿਵੇਂ ਦੱਸੇਗੀ ਸਭ ਕੁੱਝ । ਮੈਂਨੂੰ ਰਾਸਤੇ ਦਾ ਪਤਾ ਹੀ ਨਹੀ ਸੀ ਲੱਗਾ ਕਿ ਕਦੋਂ ਪੂਰਾ ਹੋ ਚੱਲਿਆ ਸੀ ।

ਸੁਖਵਿੰਦਰ ਦਾ ਪਿੰਡ ਸਾਡੇ ਪਿੰਡ ਤੋਂ ਥੋੜ੍ਹਾ ਜਿਹਾ ਅੱਗੇ ਹੀ ਸੀ, ਉਹਨਾਂ ਦੇ ਪਿੰਡ ਨੂੰ ਜਾਣ ਲਈ ਸਾਡੇ ਪਿੰਡ ਵਿੱਚੋਂ ਦੀ ਲੰਘਣਾ ਪੈਂਦਾ ਹੈ ਪਰ ਮੈਂ ਸਾਡੇ ਪਿੰਡ ਵਿੱਚੋਂ ਦੀ ਨਾ ਲੰਘਦਾ ਹੋਇਆ ਪਿੰਡ ਦੇ ਉੱਪਰੋਂ ਦੀ ਗੱਡੀ ਨੂੰ ਘੁਮਾ ਲਿਆ । ਸੁਖਵਿੰਦਰ ਦੇ ਪੁੱਛਣ ਤੇ ਮੈਂ ਕਿਹਾ ਕਿ ਸਾਡੇ ਪਿੰਡ ਜੇ ਕਰ ਕੋਈ ਐਵੇਂ ਆਪਾਂ ਨੂੰ ਇਕੱਠਿਆਂ ਨੂੰ ਵੇਖ ਲੈਂਦਾ ਤਾਂ ਹੋਰ ਹੀ ਪੁੱਠੀਆਂ ਸਿੱਧੀਆਂ ਗੱਲਾਂ ਬਣਾ ਲੈਂਦਾ । ਸ਼ਾਇਦ ਇਹ ਵੀ ਸੀ ਕਿ ਮੈਂ ਸੁਖਵਿੰਦਰ ਨਾਲ ਹੋਰ ਸਮਾਂ ਬਿਤਾਉਣਾ ਚਾਹੁੰਦਾ ਸੀ।

ਧੂੜ ਭਰਿਆ ਰਸਤਾ ਖੇਤਾਂ ਦੀ ਹਰਿਆਲੀ ਉੱਡ ਰਹੇ ਪੰਛੀ। ਬੜਾ ਸੋਹਣਾ ਨਜ਼ਾਰਾ ਸੀ ਉਹਦੇ ਪਿੰਡ ਦਾ। ਇਹ ਪਹਿਲਾ ਮੌਕਾ ਸੀ ਜਦੋਂ ਮੈਂ ਉਹਨਾਂ ਦੇ ਪਿੰਡ ਉਸ ਦੇ ਨਾਲ ਜਾ ਰਿਹਾ ਸੀ। ਥੋੜ੍ਹੀ ਜਿਹੀ ਘਬਰਾਹਟ ਵੀ ਸੀ ਦਿਲ ਵਿੱਚ ਵੀ ਉਹਦੇ ਘਰ ਦੇ ਮੇਰੇ ਬਾਰੇ ਕੀ ਸੋਚਣ ਗੇ ਹੋਰ ਵੀ ਬਹੁਤ ਖ਼ਿਆਲ ਉਮੜ ਕੇ ਆ ਰਹੇ ਸੀ।

ਸੁਖਵਿੰਦਰ :- ਬਸ ਪਹੁੰਚ ਗਏ... ਤੁਸੀਂ ਏਧਰ ਨੂੰ ਗੱਡੀ ਮੋੜ ਲਵੋ... ਬਸ ਗਲੀ ਵਿੱਚ ਦੂਜੇ ਨੰਬਰ ਵਾਲਾ ਘਰ ਸਾਡਾ ਹੀ ਹੈ।

ਮੈਂ :- ਠੀਕ ਐ ਜੀ...।

(ਮੈਂ ਇੱਕ ਪਾਸੇ ਗੱਡੀ ਰੋਕ ਲਈ) ਮੈਂ ਦੇਖਿਆ ਜਿਵੇਂ ਸੁਖਵਿੰਦਰ ਬਹੁਤ ਘਬਰਾਹਟ ਜਿਹੀ ਮਹਿਸੂਸ ਕਰ ਰਹੀ ਹੋਵੇ, ਜਿਵੇਂ ਕਿ ਉਹ ਸੋਚ ਰਹੀ ਹੋਵੇ ਕਿ ਹੁਣ ਪਤਾ ਨਹੀਂ ਉਹ ਘਰਦਿਆਂ ਨੂੰ ਕਿਵੇਂ ਸਭ ਕੁੱਝ ਦੱਸੇਗੀ। ਬਹੁਤ ਹੀ ਨਾ ਵਰਨਣ ਯੋਗ ਪਲ ਸੀ। ਇੱਕ ਵਾਰੀ ਫਿਰ ਤੋਂ ਮੈਂ ਹੌਂਸਲਾ ਦਿੱਤਾ ਕਿ ਕੁੱਝ ਨ੍ਹੀ ਹੁੰਦਾ ਤੁਸੀਂ ਸਭ ਦੱਸ ਦੇਣਾ, ਕਿ ਹੁਣ ਉਹ ਸੋਹਰੇ ਘਰ ਵਾਪਿਸ ਨਹੀਂ ਜਾਣਾ ਚਾਹੁੰਦੀ। ਪਰ ਸ਼ਾਇਦ ਮੇਰੇ ਲਈ ਉਥੇ ਕਹਿਣਾ ਸੌਖਾ ਸੀ, ਪਰ ਸੁਖਵਿੰਦਰ ਲਈ ਉਹ ਕਰਨਾ ਬਹੁਤ ਜ਼ਿਆਦਾ ਮੁਸ਼ਕਿਲ। ਗੱਡੀ ਚੋਂ ਉੱਤਰ ਜਦੋਂ ਸੁਖਵਿੰਦਰ ਦੇ ਘਰ ਪੈਰ ਪਾਇਆ ਤਾਂ ਮੇਰਾ ਦਿਲ ਉਹਨਾਂ ਦਾ ਘਰ ਦੇਖ ਬਹੁਤ ਉਦਾਸ ਜਿਹਾ ਹੋਇਆ। ਮੈਨੂੰ ਇੰਨਾਂ ਤਾਂ ਪਤਾ ਲੱਗ ਹੀ ਗਿਆ ਸੀ ਕਿ ਉਹਨਾਂ ਦੀ ਘਰ ਦੀ ਮਾਲੀ ਹਾਲਤ ਠੀਕ ਨਹੀਂ ਹੈ ਪਰ ਇੰਨੀ ਜ਼ਿਆਦਾ ਹਾਲਤ ਖ਼ਰਾਬ ਹੋਊ ਇਹ ਨਹੀਂ ਸੀ ਪਤਾ। ਉਹਨਾਂ ਦੇ ਘਰ ਦੀ ਹਾਲਤ ਬਹੁਤ ਖ਼ਰਾਬ ਜਿਹੀ ਸੀ। ਜਿੱਥੇ ਸਿਰਫ਼ ਇੱਕ ਕਮਰਾ ਤੇ ਇੱਕ ਰਸੋਈ ਸੀ ਤੇ ਬਾਕੀ ਡੰਗਰਾਂ ਵਾਲਾ ਪਾਸਾ ਸੀ, ਬਿਲਕੁਲ ਕੱਚਾ ਜਿਹਾ ਘਰ ਸੀ। ਮੈਂ ਇਹ ਸੋਚ ਕੇ ਬਹੁਤ ਹੈਰਾਨ ਹੋਇਆ ਸੀ ਕਿ ਇਸ ਘਰ ਵਿੱਚ ਇੰਨੇ ਜਾਣੇ ਰਹਿ ਕਿਵੇਂ ਰਹੇ ਨੇ। ਮੈਂ ਉਸ ਵਖ਼ਤ ਇਹ ਵੀ ਸੋਚ ਰਿਹਾ ਸੀ ਕਿ ਕਈ ਲੋਕਾਂ ਕੋਲ ਸਭ ਕੁੱਝ ਹੁੰਦਾ ਉਹ ਫੇਰ ਵੀ ਰੱਬ ਨੂੰ ਗਾਲਾਂ ਦਿੰਦੇ, ਤੇ ਸੁਖਵਿੰਦਰ ਨਾਲ



www.PunjabiLibrary.com

ਜ਼ਿੰਦਗੀ ਕਿਹੋ ਕਿਹੋ ਜਿਹੀਆਂ ਖੇਡਾਂ ਖੇਡ ਰਹੀ ਸੀ ਤੇ ਉਹ ਵਿਚਾਰੀ ਫ਼ੇਰ ਵੀ ਸਵੇਰੇ ਉੱਠ ਰੱਬ ਨੂੰ ਧਿਆਉਂਦੀ ਹੈ, ਪਤਾ ਨ੍ਹੀ ਕਿਸ ਮਿੱਟੀ ਦੀ ਸੀ ਉਹ। ਨਾਲ਼ੇ ਉਹਨਾਂ ਭੈਣ - ਭਾਈਆਂ ਦਾ ਆਪਸ ਵਿੱਚ ਇੰਨਾਂ ਪਿਆਰ ਦੇਖ ਸੱਚੀ ਰੂਹ ਖੁਸ਼ ਹੁੰਦੀ ।

ਅਸੀਂ ਬਾਹਰਲਾ ਦਰਵਾਜ਼ਾ ਖੋਲ੍ਹ ਕੇ ਅੰਦਰ ਜਾਣ ਹੀ ਲੱਗੇ ਸੀ ਕਿ ਇੰਨੇ ਵਿੱਚ ਸੁਖਵਿੰਦਰ ਦੀ ਛੋਟੀ ਭੈਣ ਬਬਲੀ ਨੇ ਭੱਜ ਕੇ ਆ ਸੁਖਵਿੰਦਰ ਨੂੰ ਘੁੱਟ ਕੇ ਜੱਫ਼ੀ ਪਾ ਲਈ ਤੇ ਰੋਣ ਲੱਗ ਪਈ। ਮੈਂਨੂੰ ਤੇ ਸੁਖਵਿੰਦਰ ਨੂੰ ਉਸ ਵਖ਼ਤ ਐਵੇਂ ਲੱਗ ਰਿਹਾ ਸੀ ਕਿ ਉਹਨਾਂ ਦੇ ਘਰ ਸਭ ਨੂੰ ਸੁਖਵਿੰਦਰ ਤੇ ਉਹਦੇ ਸੋਹਰਿਆਂ ਵਾਰੇ ਪਤਾ ਲੱਗ ਗਿਆ ਹੈ, ਤਾਹੀਓਂ ਬਬਲੀ ਰੋ ਰਹੀ ਸੀ । ਪਰ ਨਹੀਂ ਬਬਲੀ ਦੇ ਰੋਣ ਦੀ ਵਜ੍ਹਾ ਕੁੱਝ ਹੋਰ ਸੀ। ਸੁਖਵਿੰਦਰ ਦੇ ਪੁੱਛਣ ਤੇ ਬਬਲੀ ਨੇ ਦੱਸਿਆ...

ਬਬਲੀ :- ਦੀਦੀ... ਦੇਖੀ ਮੰਮੀ ਨੂੰ ਸਮਝਾਓ... ਤੁਸੀਂ ।

ਸੁਖਵਿੰਦਰ :- ਕਿਉਂ ਬਬਲੀ ਕੀ ਹੋਇਆ??

(ਇੰਨੇ ਨੂੰ ਸੁਖਵਿੰਦਰ ਦੀ ਮਾਂ ਬਸੰਤ ਕੋਰ ਵੀ ਓਥੇ ਆ ਗਈ ਤੇ ਸੁਖਵਿੰਦਰ ਨੂੰ ਕਹਿਣ ਲੱਗੀ)


www.PunjabiLibrary.com

ਬਸੰਤ :- ਨ੍ਹੀ ਧੀਏ... ਤੂੰ ਅੱਜ ਕਿੱਧਰ? ( ਅਪਣੀ ਧੀ ਨੂੰ ਦੇਖ ਉਸਦੇ ਚੇਹਰੇ ਤੇ ਖੁਸ਼ੀ ਆਈ, ਜਿਵੇਂ ਉਸ ਦਾ ਬਹੁਤ ਦਿਨਾਂ ਤੋਂ ਮਨ ਕਰ ਰਿਹਾ ਹੋਵੇ ਸੁਖਵਿੰਦਰ ਨੂੰ ਮਿਲਣ ਦਾ ਤੇ ਉਸਨੂੰ ਘੁੱਟ ਗਲ ਨਾਲ ਲਾ ਲਿਆ )

ਸੁਖਵਿੰਦਰ :- ਮੰਮੀ ਸਤਿ ਸ੍ਰੀ ਅਕਾਲ....

(ਹੁਣ ਤੱਕ ਮੈਂ ਤੇ ਸੁਖਵਿੰਦਰ ਸਮਝ ਗਏ ਸੀ ਕਿ ਅਜੇ ਤੱਕ ਇਹਨਾਂ ਨੂੰ ਕੁੱਝ ਨ੍ਹੀ ਪਤਾ ਲੱਗਾ)

ਮੈਂ ਕੋਲ ਖੜ੍ਹੇ ਨੇ ਵੀ ਸੁਖਵਿੰਦਰ ਦੀ ਮੰਮੀ ਦੇ ਗੋਡੀ ਹੱਥ ਲਾਏ ਤੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਇਸ ਤੋਂ ਪਹਿਲਾਂ ਉਹ ਮੇਰੇ ਬਾਰੇ ਕੁੱਝ ਪੁੱਛਦੇ ਬਬਲੀ ਫ਼ੇਰ ਤੋਂ ਬੋਲਣ ਲੱਗੀ...

ਬਬਲੀ :- ਦੀਦੀ ਮੰਮੀ ਨੂੰ ਸਮਝਾਓ ਕੁੱਝ...

ਸੁਖਵਿੰਦਰ :- ਕੀ ਸਮਝਾਵਾਂ.. ?

ਬਸੰਤ :- ਧੀਏ ਮੈਂ ਦੱਸਦੀ ਹਾਂ ਤੈਨੂੰ ਸਾਰਾ ਕੁੱਝ ਪਹਿਲਾਂ ਤੁਸੀਂ ਅੰਦਰ ਆ ਜਾਓ... ਬੈਠੋ ਪਾਣੀ ਪੀਓ.....।

ਬਸੰਤ :- ਹੋਰ ਧੀਏ ਤੂੰ ਠੀਕ ਐਂ... ਤੇ ਤੇਰੇ ਸੋਹਰੇ ਠੀਕ ਨੇ ਸਾਰੇ... ।

ਸੁਖਵਿੰਦਰ :- ਹਾਂ ਜੀ ਮੈਂ ਠੀਕ ਹਾਂ... ਤੁਸੀਂ ਦੱਸੋ ਕਿਵੇਂ ਓਂ..

ਤੇ ਨਾਲ਼ੇ ਆ ਬਬਲੀ ਕਿਉਂ ਰੋ ਰਹੀ ਆ...?

ਇੰਨੇ ਨੂੰ ਬਬਲੀ ਤੋਂ ਛੋਟੀ ਕੁੜੀ ਸਾਡੇ ਵਾਸਤੇ ਪੀਣ ਲਈ ਪਾਣੀ ਲੈ ਆਈ ਤੇ ਅਸੀਂ ਪਾਣੀ ਪੀਤਾ ਫ਼ੇਰ ਬਸੰਤ ਕੌਰ ਨੇ ਦੱਸਣਾ ਸ਼ੁਰੂ ਕੀਤਾ....

ਬਸੰਤ :- ਕੱਲ ਤੇਰੀ ਮਾਸੀ ਦਾ ਫ਼ੋਨ ਆਇਆ ਸੀ ਤੇ ਉਹਨੇ ਬਬਲੀ ਦੇ ਰਿਸ਼ਤੇ ਦੀ ਦੱਸ ਪਾਈ ਏ.. ਮੁੰਡਾ ਪ੍ਰਾਈਵੇਟ ਫ਼ੈਕਟਰੀ ਵਿੱਚ ਲੱਗਿਆ ਹੋਇਆ ਤੇ ਬਾਰਾਂ ਹਜ਼ਾਰ ਮਹੀਨਾ ਕਮਾਉਂਦਾ... ਦੱਸੋ ਹੋਰ ਕੀ ਚਾਹੀਦਾ..?

ਉਹਨਾਂ ਦੀ ਇਹ ਗੱਲ ਸੁਣ ਮੈਨੂੰ ਬਹੁਤ ਧੱਕਾ ਲੱਗਿਆ, ਕਿ ਉਹ ਇਹ ਕੀ ਕਹਿ ਰਹੇ ਨੇ। ਮੈਂ ਉਸ ਵਖ਼ਤ ਪਹਿਲੀ ਵਾਰ ਉਹਨਾਂ ਨੂੰ ਮਿਲਿਆ ਸੀ ਤੇ ਉਹ ਕਹਿੰਦੇ ਨੇ ਕਿ ਪਹਿਲੀ ਮੁਲਾਕਾਤ ਨਾਲ ਆਪਾਂ ਸਾਹਮਣੇ ਆਲ਼ੇ ਦੀ ਇੱਕ ਤਸਵੀਰ ਅਪਣੇ ਦਿਲ 'ਚ ਬਣਾ ਲੈਂਦੇ ਹਾਂ ਉਹ ਤਸਵੀਰ ਚੰਗੀ ਹੋਵੇਗੀ ਜਾਂ ਮਾੜੀ ਇਹ ਸਾਹਮਣੇ ਆਲ਼ੇ ਦੀਆਂ ਗੱਲਾਂ ਤੋਂ ਪਤਾ ਲੱਗਦਾ ਹੈ। ਓਵੇਂ ਹੀ ਬਸੰਤ ਕੌਰ ਦੀ ਇਹ ਗੱਲ ਮੈਨੂੰ ਬੜੀ ਖੱਟੀ ਜਿਹੀ ਲੱਗੀ, ਜਿਵੇਂ ਕਿ ਉਹ ਅਪਣੀ ਸੁਖਵਿੰਦਰ ਨਾਲ ਕੀਤੀ ਗ਼ਲਤੀ ਦੁਆਰਾ ਤੋਂ ਦੂਹਰਾ ਰਹੀ ਹੋਵੇ। ਉਸ ਸਮੇਂ ਬਬਲੀ ਨੇ ਅਪਣੀ ਦਸਵੀਂ ਜਮਾਤ ਹੀ ਪਾਸ ਕੀਤੀ ਸੀ।


www.PunjabiLibrary.com

ਪਰ ਉਹ ਉਹਨਾਂ ਦਾ ਘਰ ਦਾ ਆਪਸੀ ਮਾਮਲਾ ਸੀ, ਜਿਸ ਵਿੱਚ ਮੈਂਨੂੰ ਬੋਲਣਾ ਸਹੀ ਨਹੀਂ ਸੀ ਲੱਗਿਆ ।

ਬਸੰਤ ਕੋਰ ਨੇ ਸੁਖਵਿੰਦਰ ਨੂੰ ਕਿਹਾ ਕਿ ਧੀਏ ਹੁਣ ਤੂੰ ਹੀ ਸਮਝਾ ਬਬਲੀ ਨੂੰ ਮੰਨ ਜਾਵੇ ਵਿਆਹ ਲਈ। ਤਾਂ ਉਸ ਵਖ਼ਤ ਮੈਂ ਸੁਖਵਿੰਦਰ ਦਾ ਜਵਾਬ ਸੁਣਨਾ ਚਾਹੁੰਦਾ ਸੀ, ਕਿ ਇਸ ਸਮੇਂ ਉਹ ਕੀ ਕਹੇਗੀ ਤੇ ਉਸ ਦਾ ਇਹ ਜਵਾਬ ਸੁਣ ਮੈਂ ਖ਼ੁਸ਼ ਹੋਇਆ। ਉਸ ਨੇ ਵਿਆਹ ਲਈ ਸਾਫ਼ ਸਾਫ਼ ਮਨਾ ਕਰ ਦਿੱਤਾ । ਉਸਦਾ ਜਵਾਬ ਸੁਣ ਬਬਲੀ ਵੀ ਬਹੁਤ ਖ਼ੁਸ਼ ਹੋਈ ਕਿ ਇਸ ਘਰ ਵਿੱਚ ਕਿਸੇ ਨੇ ਤਾਂ ਉਸਨੂੰ ਸਮਝਿਆ ਹੈ। ਪਰ ਬਸੰਤ ਕੋਰ ਉਸਦੇ ਇਸ ਜਵਾਬ ਨਾਲ ਸਹਿਮਤ ਨਹੀਂ ਸੀ।

ਬਸੰਤ :- ਕਿਉਂ... ਤੈਨੂੰ ਕੀ ਹੋਗਿਆ... ਤੂੰ ਕਿਉਂ ਮਨ੍ਹਾਂ ਕਰ ਰਹੀ ਏ..? (ਬਸੰਤ ਕੋਰ ਨੇ ਬੜੇ ਅਜੀਬ ਜਿਹੇ ਢੰਗ ਨਾਲ ਪੁੱਛਿਆ)

ਸੁਖਵਿੰਦਰ :- ਮੰਮੀ.. ਮੈਂ ਨ੍ਹੀ ਚਾਹੁੰਦੀ ਕਿ ਇਹਦਾ ਵਿਆਹ ਏਨੀ ਜ਼ਲਦੀ ਹੋਵੇ ।(ਸੁਖਵਿੰਦਰ ਨੇ ਅਪਣਾ ਪੱਖ ਰੱਖਦੇ ਹੋਏ ਕਿਹਾ)

ਬਬਲੀ :- ਉਹੀ ਤਾਂ ਦੀਦੀ ਮੈਂ ਸਮਝਾ ਰਹੀ ਆ ਮੰਮੀ ਨੂੰ... ਇਹ ਸਮਝਦੀ ਹੀ ਨ੍ਹੀ।

ਬਸੰਤ :- ਹੁਣ ਨ੍ਹੀ ਕਰਾਉਣਾ ਤਾਂ ਫ਼ੇਰ ਕਦੋਂ ਕਰਾਉਣਾ??..

ਬਬਲੀ :- ਬਸ ਮੰਮੀ ਮੈਂ ਕੋਈ ਕੰਮ ਤੇ ਲੱਗਜਾਂ ਤੇ ਅਪਣੇ ਪੈਰਾਂ ਤੇ ਖੜ੍ਹੀ ਹੋ ਜਾਵਾਂ, ਫ਼ੇਰ ਕਰਦੀ ਜਿੱਥੇ ਕਰਨਾ... ਪਰ ਅਜੇ ਸੋਚੀ ਵੀ ਨਾ।

ਬਸੰਤ :- ਕਰੋ ਭਾਈ ਮਰਜ਼ੀਆਂ ਆਪਣੀਆਂ....ਹੁਣ ਸਿਆਣੀਆਂ ਹੋਗੀਆਂ ਤੁਸੀਂ... ਮੇਰੀ ਕੌਣ ਸੁਣਦਾ ਹੁਣ।

ਸੁਖਵਿੰਦਰ :- ਨਹੀਂ ਮੰਮੀ ਸਮਝੋ... ਮੈਂ ਨ੍ਹੀ ਚਾਹੁੰਦੀ ਕਿ ਜੋ ਮੇਰੇ ਨਾਲ ਹੋ ਰਿਹਾ ਉਹ ਏਹਦੇ ਨਾਲ ਵੀ ਹੋਵੇ।

ਬਸੰਤ :- ਕਿਉਂ...? ਤੇਰੇ ਨਾਲ ਕੀ ਹੋ ਰਿਹਾ.. ?.. ਤੂੰ ਖੁਸ਼ ਨ੍ਹੀ ਵਿਆਹ ਕਰਵਾ ਕੇ?..ਨਾਲ਼ੇ ਜਦੋਂ ਦੀ ਆਈ ਆਂ.. ਤੇਰਾ ਮੂੰਹ ਵੀ ਉਤਰਿਆ ਹੋਇਆ... ਕੀ ਗੱਲ.... ਸਭ ਠੀਕ ਤਾਂ ਹੈ......??

ਸੁਖਵਿੰਦਰ :- ਬਸ ਕੁੱਝ ਨ੍ਹੀ... -(ਇੰਨਾਂ ਕਹਿੰਦੇ ਸਾਰ ਹੀ ਉਹ ਰੋਣ ਲੱਗ ਪਈ)

ਬਸੰਤ :- ਲੈ ਧੀਏ ਕੀ ਹੋਇਆ...? ਰੋਣ ਕਿਉਂ ਲੱਗ ਪਈ?.. ਦੱਸ ਪੁੱਤ... ਕੀ ਹੋਇਆ... ਮੇਰਾ ਦਿਲ ਜਿਆ ਘਬਰਾ ਰਿਹਾ.... ।

(ਬਸੰਤ ਕੌਰ ਨੇ ਸੁਖਵਿੰਦਰ ਨੂੰ ਘੁੱਟ ਕੇ ਗਲ ਨਾਲ ਲਾਇਆ, ਉਹਨਾਂ ਦੀ ਸ਼ਕਲ ਤੇ ਬਹੁਤ ਹੀ ਜ਼ਿਆਦਾ ਘਬਰਾਹਟ ਜਿਹੀ ਪੈਦਾ ਹੋ ਗਈ ਸੀ। ਉਸ ਨੂੰ ਕੁੱਝ ਵੀ ਸਮਝ ਨਹੀਂ ਸੀ ਆ ਰਹੀ ਕਿ ਇਹ ਇਸ ਤਰ੍ਹਾਂ ਗੱਲ ਕਰਦੀ ਕਰਦੀ ਅਚਾਨਕ ਜੇ ਕਿਉਂ ਰੋਣ ਲੱਗ ਪਈ )।

ਫ਼ੇਰ ਬਸੰਤ ਕੌਰ ਨੇ ਮੈਨੂੰ ਪੁੱਛਿਆ ਕਿ ਇਹੋ ਜਿਹਾ ਕੀ ਹੋਇਆ ਏ ਜੋ ਇਹ ਇਸ ਤਰ੍ਹਾਂ ਅਚਾਨਕ ਜੇ ਰੋ ਰਹੀ ਹੈ..?

ਮੈਂ ਅਜੇ ਦੱਸਣ ਹੀ ਲੱਗਾ ਸੀ ਕਿ ਸੁਖਵਿੰਦਰ ਪਹਿਲਾਂ ਬੋਲ ਪਈ..

ਸੁਖਵਿੰਦਰ :- ਮੰਮੀ ਮੈਂ ਵਾਪਿਸ ਨ੍ਹੀ ਜਾਣਾ ਹੁਣ... ।

ਬਸੰਤ :- ਵਾਪਿਸ ਨ੍ਹੀ ਜਾਣਾ..? ਕੀ ਮਤਲਬ ਤੇਰਾ..?

ਸੁਖਵਿੰਦਰ :- ਮੰਮੀ ਮੈਂ ਓਥੇ ਖੁਸ਼ ਨ੍ਹੀ ਹਾਂ... ਮੇਰੇ ਕੋਲ ਕੋਈ ਜਵਾਕ ਨ੍ਹੀ ਹੋ ਰਿਹਾ ਤੇ ਲਵਪ੍ਰੀਤ ਕਹਿੰਦਾ ਕਿ ਉਸਨੇ ਹੁਣ ਦੂਜਾ ਵਿਆਹ ਕਰਨਾ ਹੈ ਤੇ ਮੈਂ ਓਥੇ ਹੋਰ ਘੁੱਟ ਘੁੱਟ ਕੇ ਜਿਊਣਾ ਨ੍ਹੀ ਚਾਹੁੰਦੀ।

(ਸੁਖਵਿੰਦਰ ਹੌਂਕੇ ਭਰ ਭਰ ਅਪਣੀ ਮਾਂ ਨੂੰ ਸਭ ਗੱਲਾਂ ਦੱਸਣ ਲੱਗੀ। ਉਸ ਦੀਆਂ ਗੱਲਾਂ ਸੁਣ ਬਸੰਤ ਕੌਰ ਦੇ ਵੀ ਅੱਖਾਂ ਚੋਂ ਅੱਥਰੂ ਵਹਿਣ ਲੱਗੇ। ਤੇ ਸੁਖਵਿੰਦਰ ਨੂੰ ਘੁੱਟ ਕੇ ਗਲ ਨਾਲ ਲਾ ਲਿਆ। ਉਹਨਾਂ ਦੇ ਦਿਲਾਂ ਤੇ ਉਸ ਸਮੇਂ ਕੀ ਬੀਤ ਰਹੀ ਹੋਵੇਗੀ ਉਸ ਗੱਲ ਦਾ ਮੈਂ ਅੰਦਾਜ਼ਾ ਵੀ ਨ੍ਹੀ ਲਾ ਸਕਦਾ। ਮੇਰੀਆਂ ਵੀ ਅੱਖਾਂ ਵਿੱਚ ਪਾਣੀ ਸੀ, ਪਰ ਮੈਂ ਕਿਸੇ ਨੂੰ ਦਿਖਾ ਨਹੀਂ ਸੀ ਸਕਦਾ। ਸੁਖਵਿੰਦਰ ਦੀਆਂ ਭੈਣਾਂ ਤੇ ਵੀ ਮੈਨੂੰ ਬਹੁਤ ਜ਼ਿਆਦਾ ਤਰਸ ਆ ਰਿਹਾ ਸੀ ਤੇ ਉਸ ਸਮੇਂ ਨੂੰ ਮੈਂ ਦੇਖ ਇੰਨਾਂ ਜ਼ਿਆਦਾ ਉਦਾਸ ਹੋਇਆ। ਮੈਨੂੰ ਖੁਦ ਤੇ ਵੀ ਬਹੁਤ ਜ਼ਿਆਦਾ ਅਫ਼ਸੋਸ ਹੋ ਰਿਹਾ ਸੀ ਕਿ ਇਸ ਮਾੜੀ ਘੜੀ ਵਿੱਚ ਉਹਨਾਂ ਦੀ ਕੋਈ ਵੀ ਮਦਦ ਨ੍ਹੀ ਸੀ ਕਰ ਪਾ ਰਿਹਾ। ਬਸੰਤ ਕੌਰ ਨੇ ਖ਼ੁਦ ਨੂੰ ਸੰਭਾਲਦੇ ਹੋਏ ਨੇ ਸੁਖਵਿੰਦਰ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ। ਪਰ ਸੁਖਵਿੰਦਰ ਦੇ ਅੱਥਰੂ ਸੀ ਜੋ ਰੁਕਣ ਦਾ ਨਾਮ ਹੀ ਨਹੀਂ ਸੀ ਲੈ ਰਹੇ। ਬਸੰਤ ਕੌਰ ਨੇ ਵੀ ਪਤਾ ਨ੍ਹੀ ਅਪਣੀ ਪੂਰੀ ਜ਼ਿੰਦਗੀ ਵਿੱਚ ਕਿੰਨਾ ਜ਼ਿਆਦਾ ਦਰਦ ਸਿਹਾ ਹੋਣਾ ਜਿਸ ਦਾ ਮੈਂ ਅੰਦਾਜ਼ਾ ਵੀ ਨਹੀਂ ਲਾ ਸਕਦਾ। ਉਸ ਸਮੇਂ ਉਸ ਨੂੰ ਖ਼ੁਦ ਨਾਲ ਹੀ ਨਫ਼ਰਤ ਜਿਹੀ ਹੋ ਗਈ ਲੱਗਦੀ ਲੱਗ ਰਹੀ ਸੀ ਉਸ ਨੂੰ ਲੱਗ ਰਿਹਾ ਸੀ ਕਿ ਇਹ ਸਭ ਕੁੱਝ ਉਸ ਦੀ ਖ਼ੁਦ ਦੀ ਹੀ ਗ਼ਲਤੀ ਨਾਲ ਹੋਇਆ ਹੈ।

ਬੇਜ਼ਾਨ ਸ਼ਰੀਰ ਇੱਕ ਰਹਿ ਗਿਆ ਮੇਰਾ

ਦੱਸ ਕੀ ਵਿਗਾੜਿਆ ਮੈਂ ਰੱਬਾ ਤੇਰਾ ?



www.PunjabiLibrary.com

ਦੁਨੀਆਂ ਸਾਰੀ ਖੋ ਲਈ ਤੂੰ
ਨਾ ਕੋਈ ਹਮਦਰਦੀ ਜਤਾ ਰਿਹਾ,
ਦੱਸ ਤਾਂ ਦੇ ਤੂੰ ਰੱਬ ਬਣਕੇ
ਕਿਉਂ ਇੰਨਾਂ ਮੈਨੂੰ ਸਤਾ ਰਿਹਾ ?

ਦੱਸ ਚਾਹੁੰਦਾ ਕੀ ਤੂੰ ਮੇਰੇ ਤੋਂ
ਕੀ ਕੱਢਣਾ ਸ਼ਰੀਰ ਤੂੰ ਮੇਰੇ ਚੋਂ,
ਖੋਖਲਾ ਸ਼ਰੀਰ ਰੂਹ ਕੱਢ ਲਈ ਤੂੰ
ਕਿਉਂ ਦੁਨੀਆਂ ਨੂੰ ਬਤਾ ਰਿਹਾ ?
ਦੱਸ ਤਾਂ ਦੇ ਤੂੰ ਰੱਬ ਬਣਕੇ
ਕਿਉਂ ਇੰਨਾਂ ਮੈਨੂੰ ਸਤਾ ਰਿਹਾ ?

ਹੁਣ ਜਾਨ ਵੀ ਮੇਰੀ ਲੈਲਾ ਤੂੰ
ਜਾਂ ਖੁਦ ਮਰ ਜਾਣ ਦੇ,
ਨੀਚੇ ਔਰਤ ਬਣ ਕੇ ਦੇਖ ਕਦੀ
ਤੇ ਮੈਨੂੰ ਉਪਰ ਆਣ ਦੇ,

ਦੱਸ ਦੇ ਕਿੱਥੇ ਰਹਿੰਦਾ ਤੂੰ

ਘਰ ਅਪਣੇ ਦਾ ਪਤਾ ਲਿਆ,

ਦੱਸ ਤਾਂ ਦੇ ਤੂੰ ਰੱਬ ਬਣਕੇ

ਕਿਉਂ ਇੰਨਾਂ ਮੈਨੂੰ ਸਤਾ ਰਿਹਾ ?

ਦੱਸ ਤਾਂ ਦੇ ਤੂੰ ਰੱਬ ਬਣਕੇ

ਕਿਉਂ ਇੰਨਾਂ ਮੈਨੂੰ ਸਤਾ ਰਿਹਾ ?

ਸੁਖਵਿੰਦਰ :- ਮੰਮੀ ਬਸ ਅਪਣਾ ਦਿਲ ਨਾ ਹੋਲਾ ਕਰੋ, ਜੋ ਹੋਣਾ ਹੁੰਦਾ ਉਹ ਤਾਂ ਹੋ ਕੇ ਹੀ ਰਹਿੰਦਾ, ਹੁਣ ਤੁਸੀਂ ਅਪਣੇ ਤੇ ਨਾ ਲਵੋ ਗੱਲ ਨੂੰ, ਇਸ ਵਿੱਚ ਥੋਡੀ ਕੋਈ ਗ਼ਲਤੀ ਨ੍ਹੀ ਹੈ।

ਸੁਖਵਿੰਦਰ ਨੇ ਅਪਣੇ ਹੰਝੂ ਪੂੰਝੇਂ ਤੇ ਬੋਲੀ.... ਮੰਮੀ ਮੈਂ ਤਾਂਹੀ ਕਹਿ ਰਹੀ ਹਾਂ ਕਿ ਅਜੇ ਏਨੀ ਜ਼ਲਦੀ ਵਿਆਹ ਨਾ ਕਰੋ ਬਬਲੀ ਦਾ ਇਹ ਅਜੇ ਬਹੁਤ ਛੋਟੀ ਹੈ ਇਸ ਲਈ। ਬਾਕੀ ਜਿੱਥੇ ਤੱਕ ਥੋਨੂੰ ਲੱਗਦਾ ਹੈ ਕਿ ਇਹਨਾਂ ਦੀ ਪੜ੍ਹਾਈ ਤੇ ਜ਼ਿਆਦਾ ਖ਼ਰਚਾ ਆਉਂਦਾ ਹੈ ਤੇ ਉਹ ਸਾਰਾ ਖ਼ਰਚਾ ਮੈਂ ਖ਼ੁਦ ਕਰਾਂਗੀ। ਤੁਸੀਂ ਕੋਈ ਫ਼ਿਕਰ ਨਾ ਕਰੋ ਬਸ ਅਪਣਾ ਧਿਆਨ ਰੱਖੋ।

ਬਸੰਤ :- ਮੈਂ ਤਾਂ ਅਪਣੀ ਸਾਰੀ ਉਮਰ ਕੰਮ ਕਰਦੀ ਨੇ ਕੱਢ ਦਿੱਤੀ... ਮੈਂ ਤੇਰੇ ਨਾਲ ਵੀ ਕਿੰਨੀ ਮਾੜੀ ਕੀਤੀ, ਤੇਰੀ ਮਰਜ਼ੀ ਤੋਂ ਬਿਨਾਂ ਤੇਰਾ ਵਿਆਹ ਕਰਤਾ... ਨਾਲ਼ੇ ਔਰਤ ਹੋਣਾ ਕਿਹੜਾ ਸੌਖਾ ਪਿਆ......ਧੀਏ ਇੱਕ ਕੁੜੀ ਦੇ ਤਾਂ ਮਾੜੇ ਦਿਨ ਉਸ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੇ ਨੇ। ਜਦੋਂ ਵੀ ਕਿਸੇ ਕੁੜੀ ਦਾ ਜਨਮ ਹੁੰਦਾ ਤਾਂ ਸਭ ਤੋਂ ਪਹਿਲਾਂ ਤਾਂ ਉਸਦੇ ਘਰ ਦੇ ਹੀ ਮੱਥੇ ਤੇ ਹੱਥ ਰੱਖ ਬੈਠ ਜਾਂਦੇ ਨੇ, ਜਿਵੇਂ ਪਤਾ ਨ੍ਹੀ ਐਹੋ ਜਿਹਾ ਕੀ ਹੋਇਆ ਹੋਵੇ। ਧੀਏ ਜਦੋਂ ਸਭ ਤੋਂ ਪਹਿਲਾਂ ਤੂੰ ਜੰਮੀ ਸੀ, ਲੋਕਾਂ ਨੇ ਮੈਨੂੰ ਮਾੜਾ ਕਿਹਾ.... ਮੈਂ ਸੁਣ ਲਿਆ.... ਤੇ ਫ਼ੇਰ ਜਦੋਂ ਤੇਰੇ ਤੋਂ ਬਾਅਦ ਤਿੰਨ ਕੁੜੀਆਂ ਨੇ ਹੋਰ ਜਨਮ ਲਿਆ ... ਤਾਂ ਲੋਕਾਂ ਤੇ ਮੈਨੂੰ ਤਾਂ ਮਾੜਾ ਕਹਿਣਾ ਹੀ ਸੀ ਪਰ ਲੋਕਾਂ ਨੇ ਤੈਨੂੰ ਵੀ ਬਹੁਤ ਮਾੜਾ ਕਿਹਾ... .ਲੋਕੀਂ ਕਹਿੰਦੇ ਆਪ ਤਾਂ ਆਈ ਹੀ ਪਿੱਛੇ ਕੁੜੀਆਂ ਦੀ ਪੰਡ ਲੈ ਕੇ ਆਈ... ਵੀ ਭਲਾ ਇਹਦੇ ਚ ਤੇਰਾ ਕੀ ਕਸੂਰ ਤੇ ਬੇਸ਼ੱਕ ਤੂੰ ਮੇਰੇ ਨਾਲ ਘਰ ਦੇ ਤੇ ਬਾਹਰ ਦੇ ਸਾਰੇ ਕੰਮ ਕਰਵਾਉਂਦੀ। ਮੇਰੀਆਂ ਸਾਰੀਆਂ ਪੀੜ੍ਹਾਂ ਨੂੰ ਖੁਦ ਸਹਿਣ ਕਰਦੀ ਪਰ ਇਹ ਸਮਾਜ ਹੀ ਐਹੋ ਜਿਹਾ... ਜਿੱਥੇ ਜੇ ਕਰ ਇੱਕ ਮੁੰਡਾ ਜਨਮ ਲੈਂਦਾ ਤਾਂ ਉਹ ਔਰਤ ਭਾਗਾਂ ਵਾਲੀ ਹੁੰਦੀ ਤੇ ਜੇਕਰ ਉਸੇ ਕੁੱਖ ਵਿੱਚੋਂ ਇੱਕ ਕੁੜੀ ਜਨਮ ਲੈ ਲਵੇ ਤਾਂ ਉਹੀ ਔਰਤ ਉਹਨਾਂ ਨੂੰ ਮਾੜੀ ਦਿਸਣ ਲੱਗ ਜਾਂਦੀ। ਬਚਪਨ ਤੋਂ ਹੀ ਸਾਨੂੰ ਦਰਦ ਸਹਿਣਾ ਸਿਖਾਇਆ ਜਾਂਦਾ, ਪੀੜ੍ਹਾਂ ਤੇ ਦੁੱਖਾਂ ਦੇ ਦਾਜ ਨਾਲ ਸੋਹਰੇ ਰਵਾਨਾ ਕੀਤਾ ਜਾਂਦਾ। ਮੁੰਡੇ ਕੋਲੋਂ ਪੁੱਛਿਆ ਜਾਂਦਾ ਕਿ ਤੈਨੂੰ ਇਹ ਕੁੜੀ ਪਸੰਦ ਹੈ ਤੇ ਜੇਕਰ ਨਹੀਂ ਤਾਂ ਆਪਾਂ ਇਸ ਕੁੜੀ ਨੂੰ ਜਵਾਬ ਦੇ ਦਿੰਦੇ ਹਾਂ।

ਤੇ ਜੇਕਰ ਕੋਈ ਕੁੜੀ ਕਹਿ ਦੇਵੇ ਕਿ ਉਸਨੂੰ ਮੁੰਡਾ ਪਸੰਦ ਨਹੀਂ ਤਾਂ ਉਸਤੇ ਸਵਾਲ ਉਠਾਏ ਜਾਂਦੇ ਹਨ। ਮੈਂ ਕਿਸੇ ਕੋਲੋਂ ਪੁੱਛਿਆ ਸੀ ਕਿ ਉਸ ਰੱਬ ਨੇ

ਸਾਰੀਆਂ ਔਰਤਾਂ ਦੀ ਕਿਸਮਤ ਹੀ ਏਦਾਂ ਦੀ ਕਿਉਂ ਲਿਖੀ ਹੈ?.. ਤਾਂ ਅੱਗੋਂ ਜਵਾਬ ਆਇਆ.... ਕੀ ਪਤਾ ਉਹ ਕਿਸਮਤ ਲਿਖਣ ਵਾਲਾ ਰੱਬ ਖ਼ੁਦ ਆਪ ਬੰਦਾ ਹੀ ਹੋਵੇ।

ਬਸੰਤ ਕੌਰ ਗੱਲਾਂ ਕਰਦੀ ਕਰਦੀ ਅਚਾਨਕ ਜੇ ਚੁੱਪ ਹੋ ਗਈ ਤੇ ਮੈਨੂੰ ਲੱਗ ਰਿਹਾ ਸੀ ਜਿਵੇਂ ਕਿ ਉਹ ਰੱਬ ਨੂੰ ਸ਼ਿਕਾਇਤ ਕਰ ਰਹੀ ਹੋਵੇ।

ਪਰ ਮੇਰਾ ਮੰਨਣਾ ਇਹ ਵੀ ਸੀ ਕਿ ਜੇਕਰ ਔਰਤਾਂ ਖੁਦ ਦੇ ਹੱਕ ਲਈ ਲੜਣ ਤਾਂ ਉਹਨਾਂ ਨੂੰ ਉਹਨਾਂ ਦਾ ਹੱਕ ਲੈਣ ਤੋਂ ਕੋਈ ਨਹੀਂ ਰੋਕ ਸਕਦਾ।

ਦੋ ਮਿੰਟ ਦੀ ਚੁੱਪੀ ਤੋਂ ਬਾਅਦ ਸੁਖਵਿੰਦਰ ਮੈਨੂੰ ਬੋਲੀ...

ਸੁਖਵਿੰਦਰ :- ਉਹ... ਦੀਪ ਮਾਫ਼ ਕਰਿਓ... ਤੁਸੀਂ ਮੇਰੇ ਘਰ ਪਹਿਲੀ ਵਾਰ ਆਏ ਓ... ਤੇ ਮੈਂ ਥੋਨੂੰ ਸਾਰਿਆਂ ਨਾਲ ਮਿਲਾਇਆ ਹੀ ਨਹੀਂ.. ਤੇ ਨਾ ਹੀ ਕੁੱਝ ਖਾਣ ਪੀਣ ਨੂੰ ਪੁੱਛਿਆ।

(ਉਸਨੇ ਅਪਣੇ ਛੋਟੇ ਭਾਈ ਮਨਜੀਤ ਨੂੰ ਕਿਹਾ ਕਿ ਉਹ ਦੁਕਾਨ ਤੇ ਜਾਕੇ ਕੁੱਝ ਖਾਣ ਲਈ ਲਿਆਵੇ। ਪਰ ਉਹਨਾਂ ਨੇ ਸੁਖਵਿੰਦਰ ਦੇ ਕਹਿਣ ਤੋਂ ਪਹਿਲਾਂ ਹੀ ਚਾਹ ਬਣਾਕੇ ਸਾਡੇ ਅੱਗੇ ਰੱਖ ਦਿੱਤੀ ਤੇ ਨਾਲ ਬਿਸਕਿਟ ਤੇ ਨਮਕੀਨ ਰੱਖ ਦਿੱਤਾ)

ਮੈਂ :- ਉਹ.. ਨਾ ਜੀ.. ਨਾ... ਕੁੱਝ ਵੀ ਨ੍ਹੀ ਖਾਣਾ ਮੈਂ....ਸੁਖਵਿੰਦਰ ਆਪਾਂ ਹੁਣੇ ਤਾਂ ਖਾਕੇ ਤੁਰੇ ਸੀ ਚੰਡੀਗੜ ਤੋਂ.....



www.PunjabiLibrary.com

ਬਸੰਤ :- ਚੰਡੀਗੜ੍ਹ ਤੋਂ...? ਤੁਸੀਂ ਚੰਡੀਗੜ੍ਹ ਤੋਂ ਆ ਰਹੇ ੳ...?

ਸੁਖਵਿੰਦਰ :- ਹਾਂ.. ਜੀ.. ਮੰਮੀ ਮੈਂ ਦੱਸਣਾ ਸੀ ਥੋਨੂੰ... ਮੈਂ ਕੋਈ ਕੰਮ ਤੇ ਲੱਗਣਾ ਹੁਣ... ਮੈਂ ਸੋਹਰੇ ਵੀ ਨ੍ਹੀ ਜਾਣਾ ਤੇ ਘਰ ਵੀ ਨ੍ਹੀ ਬੈਠ ਸਕਦੀ ਸਾਰੀ ਉਮਰ... ਮੈਂ ਅਪਣਾ ਕੰਮ ਕਰੂੰ ਤੇ ਖਾਊਂ.. ਕਿਸੇ ਦੇ ਸਿਰ ਤੇ ਨ੍ਹੀ ਬੈਠਣਾ ਹੁਣ... ਨਾਲੇ ਇਹਨਾਂ ਦੀ ਪੜ੍ਹਾਈ ਦਾ ਖ਼ਰਚਾ ਵੀ ਮੈਂ ਆਪ ਕਰੀ ਜਾਊਂ.... ਤੁਸੀਂ ਬੇ ਫ਼ਿਕਰ ਰਹੋ ਬਸ..।

ਬਸੰਤ :- ਚੰਡੀਗੜ੍ਹ...। ਨ੍ਹੀ ਕੁੜੀਏ ਮੈਂ ਅਜੇ ਮਰੀ ਨ੍ਹੀ...ਕਿਤੇ ਨ੍ਹੀ ਜਾਣਾ ਤੂੰ ਰਹਿਣ ਦੇ... ਇੱਥੇ ਹੀ ਕੰਮ ਕਰ ਲਈ ਜੋ ਕਰਨਾ.. । ਨਾਲੇ ਓਥੇ ਹੈ ਕੌਣ.. ਕਿੱਥੇ ਰਹੇ ਗੀ...? ਜੇ ਕੋਈ ਲੋੜ ਪਈ ਤਾਂ ਕਿਹਨੂੰ ਕਹੇਗੀਂ...?

ਸੁਖਵਿੰਦਰ :- ਮੰਮੀ... ਇਹ ਮੇਰਾ ਦੋਸਤ ਆ.. ਮੇਰੇ ਨਾਲ ਸਕੂਲ ਚ ਪੜ੍ਹਦਾ ਸੀ... ਹੁਣ ਇਹ ਚੰਡੀਗੜ੍ਹ ਹੀ ਰਹਿੰਦਾ... ਇਹੀ ਕੰਮ ਦਵਾ ਰਿਹਾ ਤੇ ਇਸੇ ਨੇ ਕਮਰਾ ਵੀ ਦਵਾ ਦੇਣਾ.... ਤੁਸੀਂ ਫ਼ਿਕਰ ਨਾ ਕਰੋ...।

ਬਸੰਤ :- ਨ੍ਹੀ ਕੁੜੀਏ ਫ਼ਿਕਰ ਕਿਵੇਂ ਨਾ ਕਰਾਂ... ਫ਼ਿਕਰ ਤਾਂ ਉਦੋਂ ਵੀ ਸੀ ਜਦੋਂ ਅਪਣੇ ਹੱਥਾਂ ਨਾਲ ਵਿਆਹ ਕੇ ਤੋਰੀ ਸੀ... ਹੁਣ ਤਾਂ ਫ਼ੇਰ ਓਥੇ ਕੱਲੀ ਹੋਵੇਗੀ।... ਨਾ ਮੇਰਾ ਮਨ ਨ੍ਹੀ ਮੰਨਦਾ।

ਬਬਲੀ :- ਹਾਂ.. ਜੀ... ਦੀਦੀ.. ਤੁਸੀਂ ਕਿਤੇ ਵੀ ਨਹੀਂ ਜਾਣਾ... ਐਥੇ ਹੀ ਰਹੋ ਸਾਡੇ ਕੋਲ... ਜੋ ਕੰਮ ਕਰਨਾ ਐਥੇ ਹੀ ਕਰ ਲਿਓ...।

ਮੈਂ :- ਹਾਂ ਜੀ... ਠੀਕ ਹੈ.. ਫ਼ੇਰ ਮੈਂ ਚੱਲਦਾ... ਬਾਕੀ ਤੁਸੀਂ ਸੋਚ ਕੇ ਦੱਸ ਦਿਓ ਜੇ ਜਾਣਾ ਹੋਇਆ... ਨਹੀਂ ਫੇਰ ਮੈਂ ਇੱਥੇ ਹੀ ਥੋੜੇ ਲਈ ਕੋਈ ਕੰਮ ਲੱਭ ਦਿੰਦਾ ਹਾਂ..।

ਸੁਖਵਿੰਦਰ :- ਫ਼ੇਰ ਦੀਪ.. ਜੇ ਇੱਥੇ ਨਾਭੇ  ਹੀ ਕੋਈ ਕੰਮ ਲੱਭਦਾ ਫੇਰ ਦੱਸ ਦਿਓ।

ਮੈਂ :- ਠੀਕ ਐ ਜੀ.... ਮੈਂ ਕੋਸ਼ਿਸ ਕਰਦਾ ਵੀ ਇੱਥੇ ਕਿਤੇ ਕੋਲ ਹੀ ਕੰਮ ਮਿਲ ਜਾਵੇ।

ਸੁਖਵਿੰਦਰ :- ਹੁਣ ਤਾਂ ਤੁਸੀਂ ਅਪਣੇ ਪਿੰਡ ਹੀ ਰੁਕੋ ਗੇਂ...? ਹਨ੍ਹੇਰਾ ਬਹੁਤ ਹੋ ਗਿਆ।


www.PunjabiLibrary.com

ਮੈਂ :- ਹਾਂ ਜੀ... ਮੈਂ ਅੱਜ ਘਰ ਹੀ ਰੁਕਣਾ...। ਬਾਕੀ ਤੁਸੀਂ ਅਪਣਾ ਕੋਈ ਫ਼ੋਨ ਨੰਬਰ ਦੇ ਦੇਵੋ.. ਤਾਂ ਕਿ ਮੈਂਨੂੰ ਜਦੋਂ ਵੀ ਕੋਈ ਕੰਮ ਮਿਲੇ ਤਾਂ ਮੈਂ ਥੋਨੂੰ ਦੱਸ ਸਕਾਂ..।

ਸੁਖਵਿੰਦਰ:- ਹਾਂ ਜੀ.. ਮੈਂ ਲਿਖ ਕੇ ਦਿੰਦੀ ਹਾਂ.. ਨੰਬਰ... ।

ਬਸੰਤ :- ਪੁੱਤ ਰੋਟੀ ਖਾਕੇ ਚਲੇ ਜਾਇਓ... ਬੈਠ ਜੋ... ।

ਮੈਂ :- ਨਹੀਂ ਜੀ.. ਮਿਹਰਬਾਨੀ.. ਫ਼ੇਰ ਕਦੀ ਜ਼ਰੂਰ.... ਚਲੋ ਠੀਕ ਹੈ ਜੀ... ਮੈਂ ਚੱਲਦਾ ।

ਸੁਖਵਿੰਦਰ ਨੇ ਮੈਂਨੂੰ ਅਪਣਾ ਨੰਬਰ ਲਿਖ ਕੇ ਦੇ ਦਿੱਤਾ ਤੇ ਮੈਂ ਉਹਨਾਂ ਦੇ ਘਰੋਂ ਨਿੱਕਲ ਆਇਆ... ਬੇਸ਼ੱਕ ਮੇਰਾ ਮਨ ਨਹੀਂ ਸੀ ਕਰ ਰਿਹਾ ਕਿ ਸੁਖਵਿੰਦਰ ਨੂੰ ਇਕੱਲਿਆਂ ਹੀ ਛੱਡ ਕੇ ਜਾਵਾਂ... ਪਰ ਮੈਂ ਹੋਰ ਕਿੰਨਾ ਕੁ ਸਮਾਂ ਓਥੇ ਰੁਕਦਾ। ਰਾਸਤੇ ਵਿੱਚ ਆਉਂਦਾ ਆਉਂਦਾ ਉਹਨਾਂ ਬਾਰੇ ਹੀ ਸੋਚੀ ਜਾ ਰਿਹਾ ਸੀ ਤੇ ਹੁਣ ਆਉਂਦਾ ਹੋਇਆ ਮੈਂ ਅਪਣੇ ਪਿੰਡ ਵਿੱਚੋਂ ਦੀ ਆ ਰਿਹਾ ਸੀ.. ਮੈਂਨੂੰ ਵੀ ਅਪਣੇ ਘਰ ਦੀ ਬਹੁਤ ਯਾਦ ਆ ਰਹੀ ਸੀ ਤੇ ਰਾਤੀਂ ਮੈਂ ਅਪਣੇ ਘਰ ਰੁਕ ਗਿਆ ਤੇ ਸਵੇਰੇ ਹੁੰਦੇ ਹੀ ਕਾਲਜ ਦੇ ਸਮੇਂ ਚੰਡੀਗੜ੍ਹ ਪਹੁੰਚ ਗਿਆ।

ਪਰਵੀਨ ਨੂੰ ਮੈਂ ਸਾਰਾ ਕੁੱਝ ਦੱਸ ਦਿੱਤਾ ਸੀ ਤੇ ਉਸ ਨੇ ਮੇਰੀ ਸੁਖਵਿੰਦਰ ਵਾਸਤੇ ਕੰਮ ਲੱਭਣ ਵਿੱਚ ਮਦਦ ਕੀਤੀ। ਇੱਕ ਨੋਵੀਂ ਜਮਾਤ ਪਾਸ ਕੁੜੀ ਨੂੰ ਕੰਮ ਮਿਲਣਾ ਥੋੜ੍ਹਾ ਜਿਹਾ ਤਾਂ ਮੁਸ਼ਕਿਲ ਸੀ ਪਰ ਸਾਡੇ ਇੱਕ ਮਿੱਤਰ ਨੇ ਉਸ ਲਈ ਕੰਮ ਲੱਭ ਲਿਆ।

ਕੰਮ ਸੀ ਨਾਭੇ ਇੱਕ ਕੱਪੜੇ ਦੀ ਦੁਕਾਨ ਤੇ ਗਾਹਕਾਂ ਨੂੰ ਕੱਪੜੇ ਵੇਚਣਾ। ਮੈਂ ਕੰਮ ਤੇ ਉਸ ਲਈ ਫ਼ੋਨ ਤੇ ਹੀ ਗੱਲ ਕਰ ਲਈ ਸੀ ਤੇ ਉਹ ਸੁਖਵਿੰਦਰ ਲਈ ਮੰਨ ਗਏ ਪਰ ਤਨਖ਼ਾਹ ਮਹੀਨੇ ਦੀ ਸਿਰਫ਼ ਚਾਰ ਹਜ਼ਾਰ ਰੁਪਏ ਹੀ ਸੀ ਜੋ ਕਿ ਸੁਖਵਿੰਦਰ ਲਈ ਬਹੁਤੀ ਨਹੀਂ ਸੀ। ਇਹ ਦੁਕਾਨ ਨਾਭਾ ਸ਼ਹਿਰ ਵਿੱਚ ਸੀ ਜੋ ਕਿ ਉਹਨਾਂ ਦੇ ਪਿੰਡ ਤੋਂ ਸਿਰਫ਼ ਪੰਜ ਕੁ ਕਿਲੋਮੀਟਰ ਦੂਰ ਸੀ। ਸੁਖਵਿੰਦਰ ਨਾਲ ਗੱਲ ਕਰਨ ਲਈ ਮੈਂ ਉਸਨੂੰ ਫ਼ੋਨ ਕਰ ਉਸ ਕੰਮ ਬਾਰੇ ਦੱਸਿਆ, ਪਰ ਉਹ ਇਸ ਕੰਮ ਲਈ ਖੁਸ਼ ਨਾ ਹੋਈ ਉਸ ਨੂੰ ਤਨਖ਼ਾਹ ਬਹੁਤ ਘੱਟ ਲੱਗੀ ਪਰ ਕੁੱਝ ਵੀ ਨਾ ਕਰਨ ਤੋਂ ਵਧੀਆ ਇਸ ਕੰਮ ਲਈ ਉਸਨੇ ਹਾਮੀ ਭਰ ਦਿੱਤੀ। ਮੈਂ ਉਸਨੂੰ ਸਮਝਾਇਆ ਕਿ ਫਿਲਹਾਲ ਇਹ ਉਸਦਾ ਪਹਿਲਾ ਕੰਮ ਹੈ ਤੇ ਹੋਲੀ ਹੋਲੀ ਕੋਈ ਦੂਜਾ ਕੰਮ ਵੇਖ ਲਵਾਂਗੇ ਪਰ ਓਨਾ ਸਮਾਂ ਤੁਸੀਂ ਇਸ ਕੰਮ ਨੂੰ ਕਰੋ। ਉਸ ਨੂੰ ਵੀ ਲੱਗਦਾ ਸੀ ਕਿ ਘਰ ਵਿਹਲੇ ਰਹਿਣ ਨਾਲੋਂ ਕਿਸੇ ਵੀ ਕੰਮ ਤੇ ਲੱਗੇ ਠੀਕ ਹੈ। ਉਸ ਨੇ ਜ਼ਿਆਦਾ ਦੇਰੀ ਨਾ ਕਰਦੇ ਹੋਏ ਉਸ ਦੁਕਾਨ ਤੇ ਜਾਣਾ ਸ਼ੁਰੂ ਕਰ ਦਿੱਤਾ। ਜਿੱਥੇ ਉਹਨਾਂ ਦੇ ਪਿੰਡ ਤੋਂ ਵੀ ਬਹੁਤੇ ਲੋਕ ਜੇਕਰ ਕੱਪੜੇ ਲੈਣ ਆਉਂਦੇ ਤਾਂ ਸੁਖਵਿੰਦਰ ਨੂੰ ਦੇਖ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣਾਉਂਦੇ ਕਿ ਉਹ ਹੁਣ ਮੋਹਰਿਆਂ ਤੋਂ ਕੱਢੀ ਹੋਈ ਹੈ ਤੇ ਹੁਣ ਐਥੇ ਕੰਮ ਕਰ ਰਹੀ ਹੈ। ਬਹੁਤੇ ਲੋਕਾਂ ਦੀਆਂ ਗੱਲਾਂ ਉਸਦੇ ਕੰਨਾਂ ਵਿੱਚ ਪੈਂਦੀਆਂ ਪਰ ਸੁਖਵਿੰਦਰ ਉਹਨਾਂ ਵੱਲ ਜ਼ਿਆਦਾ ਧਿਆਨ ਨਾ ਦੇਂਦੀ... ਉਸ

ਨੂੰ ਪਤਾ ਸੀ ਕਿ ਇਹ ਲੋਕੀਂ ਸਿਰਫ਼ ਗੱਲਾਂ ਹੀ ਕਰ ਸਕਦੇ ਨੇ... ਜਦਕਿ ਜਿਸਤੇ ਬੀਤ ਦੀ ਹੈ ਅਸਲ ਦਰਦ ਉਹੀ ਜਾਣਦਾ ਹੈ। ਉਸ ਨੂੰ ਪਤਾ ਸੀ ਕਿ ਇਹਨਾਂ ਲੋਕਾਂ ਦੀਆਂ ਗੱਲਾਂ ਸੁਣ ਉਹ ਕੰਮ ਨਹੀਂ ਛੱਡ ਸਕਦੀ ਕਿਉਂਕਿ ਜੇਕਰ ਓਹਨਾਂ ਦੇ ਘਰ ਖਾਣ ਨੂੰ ਆਟਾ ਵੀ ਮੁੱਕ ਜਾਵੇ ਤਾਂ ਉਹਨਾਂ ਵਿੱਚੋਂ ਕਿਸੇ ਨੇ ਦੇਣ ਨ੍ਹੀ ਆਉਣਾ। ਲੋਕਾਂ ਦੀਆਂ ਗੱਲਾਂ ਨੂੰ ਜਿੰਨਾਂ ਜ਼ਿਆਦਾ ਦਿਲ ਤੇ ਲਗਾਓ ਗੇ ਓਨੀਂ ਜ਼ਿਆਦਾ ਤਕਲੀਫ਼ ਖੁਦ ਨੂੰ ਹੀ ਹੁੰਦੀ ਹੈ ।

ਪਰ ਸੁਖਵਿੰਦਰ ਨੂੰ ਚਾਰ ਹਜ਼ਾਰ ਮਹੀਨੇ ਵਿੱਚ ਬਹੁਤ ਘੱਟ ਪੈਸੇ ਹੀ ਬੱਚਦੇ ਸੀ । ਮੈਂ ਉਸ ਨੂੰ ਸਮਝਾ ਦਿੱਤਾ ਸੀ ਕਿ ਅਜੇ ਸ਼ੁਰੂ ਸ਼ੁਰੂ ਵਿੱਚ ਤਾਂ ਇੰਨੇ ਕੁ ਪੈਸੇ ਹੀ ਮਿਲਣੇ ਆ, ਬਾਕੀ ਅਸੀਂ ਹੋਰ ਵੀ ਕੋਸ਼ਿਸ ਕਰ ਰਹੇ ਹਾਂ ਕਿ ਕੋਈ ਹੋਰ ਵਧੀਆ ਕੰਮ ਤੇ ਜ਼ਿਆਦਾ ਪੈਸੇ ਵਾਲਾ ਕੰਮ ਮਿਲ ਸਕੇ। ਪਰ ਨਾਭੇ ਵਰਗੇ ਛੋਟੇ ਸ਼ਹਿਰ ਵਿੱਚ ਥੋੜ੍ਹਾ ਜਿਹਾ ਮੁਸ਼ਕਿਲ ਸੀ।

ਅਜੇ ਉਸਨੂੰ ਕੰਮ ਕਰਦੀ ਨੂੰ ਦੋ ਕੁ ਮਹੀਨੇ ਹੀ ਮਸਾਂ ਹੋਏ ਸੀ ਕਿ ਉਸਦੀ ਮੰਮੀ ਬਸੰਤ ਕੌਰ ਦੀ ਤਬੀਅਤ ਅਚਾਨਕ ਖਰਾਬ ਹੋ ਗਈ। ਡਾਕਟਰ ਕੋਲ ਲੈ ਕੇ ਗਏ ਤਾਂ ਸੁਖਵਿੰਦਰ ਨੂੰ ਡਾਕਟਰ ਕੋਲੋਂ ਪਤਾ ਲੱਗਾ ਕਿ ਇਹਨਾਂ ਦੀ ਤਬੀਅਤ ਤਾਂ ਬਹੁਤ ਸਮੇਂ ਤੋਂ ਹੀ ਖ਼ਰਾਬ ਹੈ। ਇਹਨਾਂ ਨੂੰ ਕਿੰਨੀ ਵਾਰੀ ਕਿਹਾ ਸੀ ਕਿ ਥੋਡਾ ਆਪ੍ਰੇਸ਼ਨ ਕਰਨਾ ਪਵੇਗਾ, ਪਰ ਇਹ ਕਦੇ ਮੰਨੇ ਹੀ ਨਹੀਂ ਇਸ ਇਲਾਜ਼ ਲਈ। ਇਹ ਇਸੇ ਤਰ੍ਹਾਂ ਹੀ ਥੋੜ੍ਹੀ ਬਹੁਤੀ ਦਵਾਈ ਲੈ ਕੇ ਸਾਰ ਦੇ ਰਹੇ। ਸੁਖਵਿੰਦਰ ਨੂੰ ਡਾਕਟਰ ਦੀ ਇਹ ਗੱਲ ਸੁਣ ਬਹੁਤ ਧੱਕਾ ਲੱਗਾ, ਉਸ ਨੂੰ ਇੰਨਾਂ ਤਾਂ ਪਤਾ ਸੀ ਕਿ ਉਸਦੀ ਮਾਂ ਦੀ ਤਬੀਅਤ ਜ਼ਿਆਦਾ ਠੀਕ ਨਹੀਂ ਰਹਿੰਦੀ ਪਰ ਇਸ ਆਪ੍ਰੇਸ਼ਨ ਬਾਰੇ ਨਹੀਂ ਸੀ ਪਤਾ। ਉਸਨੂੰ ਅਪਣੇ ਆਪ ਤੇ

ਬਹੁਤ ਗੁੱਸਾ ਆ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦਾ ਵਿਆਹ ਇਸੇ ਲਈ ਉਹਨਾਂ ਨੇ ਇੰਨੀ ਜ਼ਲਦੀ ਕਰ ਦਿੱਤਾ, ਪਰ ਉਹ ਪਤਾ ਨਹੀਂ ਕੀ ਕੁੱਝ ਸੋਚਦੀ ਰਹੀ । ਪਰ ਉਸ ਨੂੰ ਅਪਣੀ ਮਾਂ ਦੀ ਅਸਲ ਮਜ਼ਬੂਰੀ ਹੁਣ ਪਤਾ ਲੱਗ ਰਹੀ ਸੀ ਕਿ ਉਸਦੀ ਮਾਂ ਨੇ ਕੀ ਕੀ ਦਰਦ ਸਹੇ ਨੇ , ਜਿਸ ਕਰਕੇ ਇੰਨੀ ਜ਼ਲਦੀ ਉਸਦਾ ਵਿਆਹ ਕੀਤਾ।

ਉਸ ਨੂੰ ਹੁਣ ਪਤਾ ਹੀ ਸੀ ਕਿ ਉਸਦੀ ਮਾਂ ਨੇ ਖੁਦ ਤਾਂ ਅਪਣਾ ਆਪ੍ਰੇਸ਼ਨ ਕਰਵਾਉਣਾ ਹੀ ਨਹੀਂ ਇਸੇ ਲਈ ਉਸ ਨੇ ਸੋਚਿਆ ਕਿ ਉਹ ਖੁਦ ਹੀ ਕੋਈ ਵੀ ਕੰਮ ਕਰੇ ਗੀ, ਜਿਸ ਨਾਲ ਉਸਦੀ ਮਾਂ ਦਾ ਇਲਾਜ਼ ਵਧੀਆ ਜਗ੍ਹਾ ਤੇ ਹੋ ਸਕੇ।

ਉਸ ਨੇ ਓਸੇ ਦਿਨ ਮੈਨੂੰ ਫ਼ੋਨ ਮਿਲਾਇਆ ਤੇ ਕਿਹਾ ਕਿ ਉਹ ਚੰਡੀਗੜ੍ਹ ਕੰਮ ਕਰਨ ਲਈ ਰਾਜ਼ੀ ਹੈ ਤੇ ਹੁਣ ਉਸ ਨੂੰ ਪੈਸਿਆਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ, (ਮੈਨੂੰ ਉਸਦੀ ਆਵਾਜ਼ ਵਿੱਚ ਬਹੁਤ ਦਰਦ ਦਿਸ ਰਿਹਾ ਸੀ ਮੈਨੂੰ ਲੱਗ ਰਿਹਾ ਸੀ ਕਿ ਉਹ ਹੁਣ ਪੱਕਾ ਕਿਸੇ ਮੁਸੀਬਤ ਵਿੱਚ ਹੈ) ਤਾਂ ਮੇਰੇ ਪੁੱਛਣ ਤੇ ਉਸਨੇ ਅਪਣੀ ਮਾਂ ਦੇ ਇਲਾਜ਼ ਬਾਰੇ ਦੱਸਿਆ। ਮੈਨੂੰ ਬਹੁਤ ਦੁੱਖ ਲੱਗਾ ਉਹਨਾਂ ਵਾਰੇ ਸੁਣ ਕੇ ਤੇ ਜੋ ਮੈਂ ਪਹਿਲਾਂ ਸੋਚਦਾ ਸੀ ਕਿ ਕੋਈ ਮਾਂ ਅਪਣੀ ਕੁੜੀ ਨਾਲ ਇਵੇਂ ਕਿਵੇਂ ਕਰ ਸਕਦੀ ਹੈ ਇੰਨੀ ਛੋਟੀ ਉਮਰ ਵਿੱਚ ਵਿਆਹ, ਪਰ ਮੈਨੂੰ ਅਪਣੀ ਸੋਚ ਤੇ ਸ਼ਰਮ ਆ ਰਹੀ ਸੀ ਕਿ ਉਹਨਾਂ ਦੀਆਂ ਵੀ ਤਾਂ ਕਿੰਨੀਆਂ ਮਜ਼ਬੂਰੀਆਂ ਰਹੀਆਂ ਹੋਣੀਆਂ, ਆਪਾਂ ਤਾਂ ਇੱਕ ਪਾਸੇ ਤੋਂ ਅਪਣੀ ਸੋਚ ਰੱਖ ਦਿੰਦੇ ਹਾਂ ਤੇ ਸਾਹਮਣੇ ਵਾਲੇ ਬੰਦੇ ਦਾ ਪੱਖ ਬਿਨਾਂ ਜਾਣੇ ਅਪਣਾ ਫ਼ੈਸਲਾ ਲੈ ਲੈਂਦੇ ਹਾਂ ਇਹ ਵੀ ਨਹੀਂ ਸੋਚਦੇ ਕਿ ਹੋ ਸਕਦਾ ਹੈ ਉਸਦੀ ਵੀ ਕੋਈ ਮਜਬੂਰੀ ਰਹੀ ਹੋਵੇ, ਮੈਂ ਸੁਖਵਿੰਦਰ ਨੂੰ ਕਿਹਾ ਕਿ ਉਸਦੀ ਮਾਂ ਨੂੰ

ਹੁਣ ਉਸਦੀ ਲੋੜ ਹੈ ਉਹ ਚੰਡੀਗੜ੍ਹ ਨਾ ਆਵੇ ਤੇ ਅਪਣੀ ਮਾਂ ਦਾ ਖ਼ਿਆਲ ਰੱਖੇ। ਬਾਕੀ ਜਿੱਥੇ ਤੱਕ ਉਸਦੀ ਮਾਂ ਦੇ ਇਲਾਜ਼ ਦੀ ਗੱਲ ਹੈ, ਉਹ ਕੁੱਝ ਕੇ ਪੈਸੇ ਮੈਂ ਦੇ ਦਿੰਦਾ ਹਾਂ ਤੇ ਕੁੱਝ ਕੇ ਮੈਂ ਅਪਣੇ ਦੋਸਤ ਤੋਂ ਮਦਦ ਲੈ ਲੈਂਦਾ ਹਾਂ, ਪਰ ਸੁਖਵਿੰਦਰ ਨੇ ਮੇਰੀ ਗੱਲ ਨਾ ਮੰਨੀ ਤੇ ਉਸਨੇ ਮੇਰੇ ਕੋਲੋਂ ਪੈਸੇ ਲੈਣ ਲਈ ਸਾਫ਼ ਸਾਫ਼ ਮਨ੍ਹਾਂ ਕਰ ਦਿੱਤਾ। ਉਸਨੇ ਕਿਹਾ ਕਿ ਤੁਸੀਂ ਪਹਿਲਾਂ ਹੀ ਬਹੁਤ ਕਰ ਰਹੇ ਹੋ ਮੇਰੇ ਲਈ, ਇੰਨਾਂ ਹੀ ਬਹੁਤ ਹੈ ਪਰ ਮੈਂ ਥੋੜੇ ਕੋਲੋਂ ਪੈਸੇ ਨਹੀਂ ਲੈ ਸਕਦੀ, ਉਸ ਲਈ ਮਾਫ਼ ਕਰਦੋ।

ਮੈਂ :- ਆਹੋ ਠੀਕ ਹੈ... ਮੈਂ ਕਿਹੜਾ ਕੁੱਝ ਲੱਗਦਾ ਹਾਂ ਥੋੜਾ..।

ਸੁਖਵਿੰਦਰ :- ਨਹੀਂ ਜੀ.. ਪਲੀਜ਼ ਐਹੋ ਜਿਹੀਆਂ ਗੱਲਾਂ ਨਾ ਕਰੋ... ਮੈਂਨੂੰ ਗ਼ਲਤ ਨਾ ਸਮਝੋ... ਪਰ ਮੈਂ ਸੱਚੀ ਪੈਸੇ ਨ੍ਹੀ ਲੈ ਸਕਦੀ.. ਤੁਸੀਂ ਬਸ ਇੱਕ ਮਦਦ ਕਰਦੋ ਮੇਰੇ ਲਈ ਕੋਈ ਵੱਧ ਤਨਖ਼ਾਹ ਵਾਲਾ ਕੰਮ ਲੱਭ ਦੇਵੋ... ਮੈਂ ਸਾਰੇ ਕੰਮ ਕਰ ਲੈਂਦੀ ਹਾਂ ਤੁਸੀਂ ਜੋ ਵੀ ਕੰਮ ਲੱਭੋ ਗੇ ਮੈਂ ਕਰ ਲਵਾਂ ਗੀ... ਪਰ ਪਲੀਜ਼ ਪੈਸੇ ਜ਼ਿਆਦਾ ਮਿਲਣ...।

ਉਸ ਨਾਲ ਗੱਲ ਕਰਦੇ ਹੋਏ ਮੇਰੀਆਂ ਅੱਖਾਂ ਵਿੱਚ ਪਾਣੀ ਆ ਗਿਆ ਸੀ... ਮੈਂ ਸੋਚ ਵੀ ਨਹੀਂ ਸਕਦਾ ਸੀ ਕਿ ਕਿਸੇ ਨੂੰ ਪੈਸੇ ਦੀ ਐਨੀ ਜ਼ਿਆਦਾ ਜ਼ਰੂਰਤ ਹੁੰਦੀ ਹੈ....। ਮੈਂ ਉਸ ਵਖ਼ਤ ਸੋਚ ਰਿਹਾ ਸੀ ਕਿ ਮੇਰੇ ਵਰਗੇ ਹੋਰ ਬਹੁਤ ਨੇ ਜੋ ਕਿ ਪੈਸਿਆਂ ਨੂੰ ਬੇ ਫਜ਼ੂਲ ਖ਼ਰਚ ਦੇ ਰਹਿੰਦੇ ਨੇ। ਮੇਰਾ ਮੰਨਣਾ ਹੈ ਕਿ

ਬੇਸ਼ੱਕ ਪੈਸਾ ਸਭ ਕੁੱਝ ਨਹੀਂ ਹੁੰਦਾ ਪਰ ਪੈਸੇ ਤੋਂ ਬਿਨਾਂ ਵੀ ਸਭ ਕੁੱਝ ਨਹੀਂ ਹੁੰਦਾ।

ਮੈਂ ਸੁਖਵਿੰਦਰ ਨੂੰ ਕਿਹਾ..

ਮੈਂ :- ਅੱਛਾ ਠੀਕ ਹੈ... ਪਰ ਬੇਬੇ ਮਾਂ ਦਾ ਖਿਆਲ ਕੌਣ ਰੱਖੂ..? ਜੇਕਰ ਤੁਸੀਂ ਚੰਡੀਗੜ੍ਹ ਆ ਗਏ?

ਸੁਖਵਿੰਦਰ :- ਜਦੋਂ ਸੋਹਰੇ ਘਰ ਰਹਿੰਦੀ ਸੀ ਉਦੋਂ ਵੀ ਤਾਂ ਮੇਰੀਆਂ ਭੈਣਾਂ ਰੱਖਦੀਆਂ ਹੀ ਸੀ ਤੇ ਹੁਣ ਵੀ ਉਹੀ ਰੱਖ ਲੈਣ ਗਈਆਂ ਬਾਕੀ ਮੈਂ ਖੁਦ ਨੂੰ ਸਮਝਾ ਲਉਂ ਕਿ ਮੈਂ ਅਜੇ ਵੀ ਸੋਹਰੇ ਘਰ ਹੀ ਹਾਂ... ਅਪਣੇ ਘਰ ਤੋਂ ਦੂਰ।

ਮੈਂ :- ਪਰ ਬੇਬੇ ਘਰੇ ਮੰਨ ਜਾਣ ਗੇ... ਤੇਰੇ ਚੰਡੀਗੜ੍ਹ ਆਉਣ ਵਾਸਤੇ..?

ਸੁਖਵਿੰਦਰ:- ਹਾਂ ਜੀ... ਤੁਸੀਂ ਉਹਦੀ ਚਿੰਤਾਂ ਨਾ ਕਰੋ..

ਉਹ ਮੈਂ ਖੁਦ ਮਨਾ ਲਵਾਂਗੀ... ।

ਮੈਂ :- ਚਲੋ ਜਿਵੇਂ ਥੋਨੂੰ ਸਹੀ ਲੱਗੇ... ।ਬਾਕੀ ਮੈਨੂੰ ਜਿਵੇਂ ਵੀ ਕੰਮ ਮਿਲਦਾ ਮੈਂ ਥੋਨੂੰ ਫ਼ੋਨ ਕਰਕੇ ਦੱਸਦਾ ਹਾਂ।



www.PunjabiLibrary.com

ਸੁਖਵਿੰਦਰ :- ਠੀਕ ਐ ਜੀ... ਪਲੀਜ਼ ਜਲਦੀ ਲੱਭਿਓ... |

ਮੈਂ :- ਕੋਈ ਨ੍ਹੀ ਜੀ ਚੰਡੀਗੜ੍ਹ ਤਾਂ ਜ਼ਲਦ ਹੀ ਲੱਭ ਜਾਏਗਾ ਤੁਸੀਂ ਫ਼ਿਕਰ ਨਾ ਕਰੋ, ਬਸ ਆਂਟੀ ਜੀ ਦਾ ਖਿਆਲ ਰੱਖਣਾ ਨਾਲੇ ਅਪਣਾ ਵੀ।

ਸੁਖਵਿੰਦਰ :- ਹਾਂ ਜੀ... ਠੀਕ ਹੈ ਜੀ...

ਇੰਨਾਂ ਕਹਿ ਕੇ ਫੋਨ ਕੱਟ ਦਿੱਤਾ ਤੇ ਮੈਂ ਨਾਲ ਦੀ ਨਾਲ ਅਪਣੇ  ਇੱਕ ਦੋਸਤ ਨੂੰ ਫ਼ੋਨ ਲਾ ਕੇ ਕੰਮ ਲੱਭਣ ਲਈ ਕਿਹਾ ਤੇ ਮੈਂ ਤੇ ਪਰਵੀਨ ਦੋਵੇਂ ਜਾਣੇ ਕੰਮ ਦੀ ਭਾਲ ਲਈ ਨਿੱਕਲ ਪਏ | ਪੂਰੇ ਪੰਜ਼ ਦਿਨ ਬਾਅਦ ਮੇਰੇ ਇੱਕ ਦੋਸਤ ਜੁਗੇਸ਼ ਦਾ ਫ਼ੋਨ ਆਇਆ ਤੇ ਉਸਨੇ ਦੱਸਿਆ ਕਿ ਉਸ ਕੋਲ ਸੁਖਵਿੰਦਰ ਲਈ ਇੱਕ ਕੰਮ ਹੈ ਤੇ ਕੰਮ ਤੇ ਉਹ ਪੈਸੇ ਵੀ ਵਧੀਆ ਕਮਾ ਸਕਦੀ ਹੈ ਪਰ...

ਮੈਂ :- ਕੀ ਪਰ ..?

ਜੁਗੇਸ਼ :- ਪਰ ਯਾਰ... ਇਸ ਕੰਮ ਲਈ ਉਸ ਕੋਲ ਇੱਕ ਸਕੂਟਰੀ ਜਾਂ ਕੋਈ ਹੋਰ ਵਾਹਨ ਹੋਣਾ ਚਾਹੀਦਾਂ ਹੈ... ਜਿਸ ਤੇ ਉਹ ਘਰ ਘਰ ਜਾਕੇ ਖਾਣਾ ਪਹੁੰਚਾਂ ਦੇਵੇ.... ਜਿਹੜਾ ਲੋਕੀਂ ਘਰ ਬੈਠੇ ਹੋਟਲਾਂ ਵਿੱਚੋਂ ਖਾਣਾ ਮੰਗਵਾਉਂਦੇ

ਨੇ ਉਹਨਾਂ ਨੂੰ ਦੇਣਾ ਹੈ। ਤੇ ਇਸ ਕੰਮ ਲਈ ਕੁੜੀਆ ਦੀ ਮੰਗ ਵੀ ਬਹੁਤ ਹੈ...। ਤੇ ਮੈਂ ਖੁਦ ਵੀ ਏਹੀ ਕੰਮ ਕਰ ਰਿਹਾ ਹਾਂ...ਜ਼ੋਮੈਟੋ ਕੰਪਨੀ ਵਿੱਚ।

ਮੈਂ :- ਸ਼ੁਕਰੀਆ ਵੀਰੇ... ਦੱਸਣ ਲਈ.... ਪਰ ਯਾਰ ਕੋਈ ਹੋਰ ਕੰਮ ਹੋਵੇ ਤਾਂ ਦੱਸੀ....ਕਿਉਂਕਿ ਇਹ ਕੰਮ ਉਸ ਲਈ ਮੈਨੂੰ ਸਹੀ ਨਹੀਂ ਲੱਗਿਆ। ਮੈਂ ਚਾਹੁੰਦਾ ਹਾਂ ਕਿ ਉਸ ਨੂੰ ਇੱਕ ਜਗ੍ਹਾ ਤੇ ਬੈਠ ਕੇ ਕਰਨ ਵਾਲਾ ਕੰਮ ਮਿਲ ਜਾਵੇ।

(ਇਹ ਫ਼ੈਸਲਾ ਮੈਂ ਸੁਖਵਿੰਦਰ ਤੋਂ ਬਿਨਾਂ ਕੋਈ ਸਲਾਹ ਲਏ ਖੁਦ ਹੀ ਲੈ ਲਿਆ ਸੀ ਤੇ ਉਸ ਨੂੰ ਇਸ ਕੰਮ ਲਈ ਮਨ੍ਹਾ ਕਰ ਦਿੱਤਾ, ਪਤਾ ਨ੍ਹੀ ਕਿਉਂ ਪਰ ਮੈਂ ਸੁਖਵਿੰਦਰ ਨੂੰ ਇਹ ਕੰਮ ਕਰਦੇ ਹੋਏ ਨਹੀਂ ਸੀ ਦੇਖ ਸਕਦਾ... ਉਹ ਵੀ ਐਨੀ ਗਰਮੀ ਵਿੱਚ.. ਉਹ ਕਿਵੇਂ ਕਰੇਗੀ ਇਹ ਕੰਮ ਏਨੀ ਧੁੱਪ ਵਿੱਚ ਤਾਂ ਉਸਦਾ ਬੂਰਾ ਹਾਲ ਹੋ ਜਾਵੇ ਗਾ। ਪਰ ਮੈਂ ਉਸ ਵਖ਼ਤ ਭੁੱਲ ਰਿਹਾ ਸੀ ਕਿ ਇਹ ਉਹ ਕੁੜੀ ਹੈ ਜਿਸਨੇ ਗਰਮੀਆਂ ਵਿੱਚ ਤੱਪਦੀ ਧੁੱਪ ਵਿੱਚ ਝੋਨਾ ਵੀ ਲਾਇਆ ਹੈ ਤੇ ਕਿੰਨੀਆਂ ਹੀ ਦਿਹਾੜੀਆਂ ਲਾਈਆਂ ਨੇ ਕਿਵੇਂ ਖੇਤਾਂ ਵਿੱਚ ਮਰ ਮਰ ਕੇ ਕੰਮ ਕੀਤਾ ਹੋਇਆ। ਉਸ ਵਖ਼ਤ ਮੈਨੂੰ ਸਿਰਫ਼ ਐਵੇਂ ਹੀ ਸੀ ਕਿ ਉਸਨੇ ਮੇਰੇ ਬਾਰੇ ਕੀ ਸੋਚਣਾ ਕਿ ਇਸਨੇ ਮੇਰੇ ਲਈ ਕਿਵੇਂ ਦਾ ਕੰਮ ਲੱਭਿਆ ਹੈ ਤੇ ਮੁੱਕਦੀ ਗੱਲ ਜੇ ਉਸਨੂੰ ਦੱਸ ਵੀ ਦਿੱਤਾ ਤਾਂ ਉਸ ਕੋਲ ਕਿਹੜਾ ਕੋਈ ਸਕੂਟਰੀ ਜਾਂ ਕੋਈ ਹੋਰ ਵਾਹਨ ਸੀ ਜਿਸ ਤੇ ਉਹ ਇਹ ਕੰਮ ਕਰ ਸਕੇ। ਇਸੇ ਲਈ ਮੈਂ ਖੁਦ ਹੀ ਅਪਣੇ ਉਸ ਦੋਸਤ ਨੂੰ ਮਨ੍ਹਾਂ ਕਰ ਦਿੱਤਾ ਤੇ ਕੋਈ ਹੋਰ ਕੰਮ ਲੱਭਣ ਲਈ ਕਿਹਾ ਤੇ ਉਸਨੇ ਫ਼ੇਰ ਇੱਕ ਹੋਰ ਕੰਮ ਦੱਸਿਆ ਕਿ ਉਹ ਜਿਸ ਜਿਸ ਵੀ ਹੋਟਲ ਵਿੱਚੋਂ ਖਾਣਾ ਲੈਂਦਾ ਹੈ ਤੇ ਓਥੇ ਕਿਸੇ ਇੱਕ ਹੋਟਲ ਵਿੱਚ

ਉਹਨਾਂ ਦੀ ਰਸੋਈ ਵਿੱਚ ਵੀ ਇੱਕ ਕੁੜੀ ਦੀ ਜ਼ਰੂਰਤ ਹੈ ਤੇ ਉਸਨੇ ਮੈਨੂੰ ਸਾਰਾ ਕੰਮ ਸਮਝਾ ਦਿੱਤਾ , ਜੇਕਰ ਉਹ ਇਹ ਕੰਮ ਕਰ ਲਵੇਗੀ ਤਾਂ ਦੱਸ ਦੇ, ਮੈਂ ਅੱਜ ਹੀ ਉਹਨਾਂ ਨਾਲ ਗੱਲ ਕਰ ਲੈਂਦਾ ਹਾਂ, ਤਾਂ ਉਸ ਵਖ਼ਤ ਵੀ ਮੈਂ ਖੁਦ ਹੀ ਹਾਂ ਕਰ ਦਿੱਤੀ ਤੇ ਉਸਨੂੰ ਉਸ ਕੰਮ ਬਾਰੇ ਪਤਾ ਕਰਨ ਲਈ ਕਿਹਾ । ਤੇ ਉਸਦੇ ਫੋਨ ਕੱਟਣ ਸਾਰ ਹੀ ਮੈਂ ਸੁਖਵਿੰਦਰ ਨੂੰ ਫੋਨ ਕੀਤਾ ਤੇ ਉਸਨੂੰ ਇਸ ਬਾਰੇ ਦੱਸਿਆ ਤਾਂ ਉਸਨੇ ਪਹਿਲੇ ਬੋਲ ਹੀ ਹਾਂ ਕਰ ਦਿੱਤੀ ਤੇ ਮੈਂ ਵੀ ਉਸ ਸਮੇਂ ਖੁਸ਼ ਸੀ ਕਿ ਉਸ ਨੂੰ ਕੰਮ ਤਾਂ ਮਿਲਿਆ ਤੇ ਹੁਣ ਉਹ ਅਪਣੀ ਮਾਂ ਦਾ ਇਲਾਜ਼ ਵੀ ਕਰਵਾ ਸਕੇ ਗੀ...

ਪਰ ਜਦੋਂ ਜਦੋਂ ਲੱਗਦਾ ਹੈ ਕਿ ਹੁਣ ਉਸ ਦੀ ਜ਼ਿੰਦਗੀ ਵਿੱਚ ਕੁੱਝ ਵਧੀਆ ਹੋਵੇਗਾ ਉਦੋਂ ਉਦੋਂ ਹੀ ਉਸ ਦੀ ਕਿਸਮਤ ਉਸ ਦੀ ਜ਼ਿੰਦਗੀ ਨੂੰ ਇੱਕ ਨਵੇਂ ਮੋੜ ਤੇ ਲਿਆ ਕੇ ਛੱਡ ਦਿੰਦੀ। ਉਸ ਨੂੰ ਹਮੇਸ਼ਾ ਲੱਗਦਾ ਰਹਿੰਦਾ ਕਿ ਜਿਵੇਂ ਇਹ ਜ਼ਿੰਦਗੀ ਉਸ ਨਾਲ ਮਜ਼ਾਕ ਕਰ ਰਹੀ ਹੈ। ਜਿਸ ਦਿਨ ਮੈਂ ਫੋਨ ਕੀਤਾ ਤਾਂ ਉਸਨੇ ਅਗਲੇ ਦਿਨ ਹੀ ਮੇਰੇ ਕੋਲ ਆਉਣ ਲਈ ਕਿਹਾ ਤੇ ਉਸਨੇ ਅਪਣੇ ਨਾਭੇ ਜਿੱਥੇ ਉਹ ਕੰਮ ਕਰ ਰਹੀ ਸੀ, ਓਥੇ ਜਵਾਬ ਦੇ ਦਿੱਤਾ ਓਥੇ ਦੇ ਮਾਲਿਕ ਨੂੰ ਸੁਖਵਿੰਦਰ ਦਾ ਕੰਮ ਬਹੁਤ ਜ਼ਿਆਦਾ ਪਸੰਦ ਸੀ ਤੇ ਉਸਨੂੰ ਪਤਾ ਸੀ ਕਿ ਇੰਨੀ ਸਾਊ ਤੇ ਮਿਹਨਤੀ ਕੁੜੀ ਉਸ ਨੂੰ ਮਿਲਣੀ ਬਹੁਤ ਮੁਸ਼ਕਿਲ ਹੈ, ਇਸੇ ਲਈ ਉਸ ਨੇ ਸੁਖਵਿੰਦਰ ਦੀ ਤਨਖਾਹ ਪੂਰੇ ਇੱਕ ਹਜ਼ਾਰ ਰੁਪਏ ਮਹੀਨਾ ਹੋਰ ਵਧਾਉਣ ਲਈ ਉਸ ਨੂੰ ਕਿਹਾ ਤੇ ਕਿਹਾ ਕਿ ਉਹ ਇਸ ਕੰਮ ਨੂੰ ਛੱਡਕੇ ਨਾ ਜਾਵੇ। ਪਰ ਸੁਖਵਿੰਦਰ ਨੂੰ ਇੰਨੇ ਘੱਟ ਪੈਸਿਆਂ ਵਿੱਚ ਵੀ ਕੁੱਝ ਨਹੀਂ ਸੀ ਬਣਦਾ ਤਾਂ ਕਰਕੇ ਉਸ ਨੇ ਉਸ ਕੰਮ ਤੋਂ ਜਵਾਬ ਦੇ ਦਿੱਤਾ

ਅਗਲਾ ਦਿਨ ਐਤਵਾਰ ਦਾ ਸੀ ਤੇ ਸੁਖਵਿੰਦਰ ਚੰਡੀਗੜ੍ਹ ਜਾਣ ਦੀ ਤਿਆਰੀ ਕਰ ਰਹੀ ਸੀ ਪਰ ਓਥੇ ਉਸ ਦਿਨ ਅਚਾਨਕ ਉਹਨਾਂ ਦੇ ਘਰ ਲਵਪ੍ਰੀਤ ਆ ਗਿਆ, ਜਿਸਨੂੰ ਦੇਖ ਸੁਖਵਿੰਦਰ ਦੇ ਸਾਰੇ ਜ਼ਖਮ ਹਰੇ ਹੋ ਗਏ ਤੇ ਉਸ ਨੂੰ ਲਵਪ੍ਰੀਤ ਨੂੰ ਐਵੇਂ ਘਰ ਦੇਖ ਕੇ ਬਹੁਤ ਗੁੱਸਾ ਆਇਆ ਪਰ ਉਹ ਕੁੱਝ ਨਾ ਬੋਲੀ... ਤੇ ਹੁਣ ਉਸਦੇ ਨਾਲ ਉਸਦਾ ਬਾਪ ਤੇ ਇੱਕ ਬੰਦਾ ਉਹਨਾਂ ਦੇ ਨਾਲ ਹੋਰ ਸੀ ਤੇ ਥੋੜ੍ਹੇ ਸਮੇਂ ਬਾਅਦ ਸਾਡੇ ਪਿੰਡ ਦਾ ਸਰਪੰਚ ਤੇ ਇੱਕ ਦੋ ਬੰਦੇ ਹੋਰ ਉਹਨਾਂ ਦੇ ਘਰ ਆ ਗਏ।

ਪਹਿਲਾਂ ਤਾਂ ਸੁਖਵਿੰਦਰ ਨੂੰ ਲੱਗਦਾ ਸੀ ਕਿ ਉਹ ਸਾਰੇ ਸੁਖਵਿੰਦਰ ਤੇ ਲਵਪ੍ਰੀਤ ਦੇ ਤਲਾਕ ਦੀ ਗੱਲ ਕਰਨ ਆਏ ਨੇ ਪਰ ਨਹੀਂ ਉਹ ਤਾਂ ਸੁਖਵਿੰਦਰ ਨੂੰ ਵਾਪਿਸ ਅਪਣੇ ਨਾਲ ਲੈ ਕੇ ਜਾਣ ਲਈ ਆਏ ਸਨ। ਲਵਪ੍ਰੀਤ ਨੇ ਬਸੰਤ ਕੌਰ ਦੇ ਗੋਡੀ ਹੱਥ ਲਾਏ ਤੇ ਉਸਨੂੰ ਕਿਹਾ ਕਿ ਉਸਨੇ ਸੁਖਵਿੰਦਰ ਨੂੰ ਬਹੁਤ ਸਾਰੇ ਫ਼ੋਨ ਕੀਤੇ ਤੇ ਉਸਨੇ ਕਿਸੇ ਵੀ ਫੋਨ ਦਾ ਜਵਾਬ ਨਹੀਂ ਦਿੱਤਾ। ਇਸੇ ਲਈ ਉਸ ਨੂੰ ਇਸ ਤਰੀਕੇ ਨਾਲ ਇੱਥੇ ਆਉਣਾ ਪਿਆ। ਉਸ ਨੇ ਬਸੰਤ ਕੌਰ ਤੋਂ ਮਾਫ਼ੀ ਮੰਗੀ ਕਿ ਉਸ ਕੋਲੋਂ ਜੋ ਵੀ ਹੋਇਆ ਉਹ ਸਿਰਫ਼ ਗੁੱਸੇ ਵਿੱਚ ਹੀ ਹੋਇਆ, ਉਸਨੂੰ ਨਹੀਂ ਸੀ ਪਤਾ ਕਿ ਸੁਖਵਿੰਦਰ ਇਸ ਤਰੀਕੇ ਨਾਲ ਘਰ ਛੱਡ ਕੇ ਚਲੀ ਜਾਵੇਗੀ।

ਓਥੇ ਕਦੋਂ ਦੀ ਚੁੱਪ ਬੈਠੀ ਸੁਖਵਿੰਦਰ ਵੀ ਫ਼ੇਰ ਬੋਲ ਪਈ...

ਸੁਖਵਿੰਦਰ :- ਫ਼ੇਰ ਮੈਂਨੂੰ ਤਾਂ ਦੋ ਮਹੀਨੇ ਹੋਗੇ ਘਰ ਆਈ ਨੂੰ... ਥੋਨੂੰ ਅੱਜ ਪਤਾ ਲੱਗਾ ਕਿ ਮੈਂ ਘਰ ਨਹੀਂ ਹੈਗੀ..?

ਲਵਪ੍ਰੀਤ :- ਉਹ ਪਹਿਲਾਂ ਤਾਂ ਮੈਂਨੂੰ ਇੰਝ ਸੀ ਕਿ ਤੂੰ ਵੀ ਗੁੱਸੇ ਵਿੱਚ ਗਈ ਹੈ ਤੇ ਕੁੱਝ ਕੇ ਦਿਨਾਂ ਤੱਕ ਵਾਪਿਸ ਮੁੜ ਆਏਗੀ... ਪਰ ਜਦੋਂ ਤੂੰ ਵਾਪਿਸ ਨਾ ਆਈ ਫੇਰ ਮੈਂ ਤੈਨੂੰ ਕਿੰਨੇ ਹੀ ਫ਼ੋਨ ਕੀਤੇ ਪਰ ਤੂੰ ਇੱਕ ਦਾ ਵੀ ਜਵਾਬ ਨਹੀਂ ਦਿੱਤਾ ਇਸੇ ਲਈ ਮੈਂਨੂੰ ਆਉਣਾ ਪਿਆ...।

ਸੁਖਵਿੰਦਰ :- ਨਹੀਂ ਜੀ ਪਰ ਮੈਂ ਨ੍ਹੀ ਜਾਣਾ ਹੁਣ ਥੋਡੇ ਨਾਲ... ।

(ਸੁਖਵਿੰਦਰ ਨੇ ਕੋਈ ਗੱਲ ਹੋਰ ਨਾ ਸੁਣਦੇ ਹੋਏ ਅਪਣਾ ਫ਼ੈਸਲਾ ਸੁਣਾ ਦਿੱਤਾ..)।

ਲਵਪ੍ਰੀਤ :- ਮੰਮੀ ਜੀ ਤੁਸੀਂ ਹੀ ਸਮਝਾ ਦੋ ਸੁਖਵਿੰਦਰ ਨੂੰ ਕੁੱਝ ...।

(ਲਵਪ੍ਰੀਤ ਨੇ ਬਸੰਤ ਕੋਰ ਨੂੰ ਪਿਆਰ ਜੇ ਨਾਲ ਕਿਹਾ, ਤੇ ਬਸੰਤ ਕੋਰ ਨੇ ਵੀ ਗੱਲ ਦਾ ਜਵਾਬ ਦਿੰਦਿਆਂ ਕਿਹਾ....)

ਬਸੰਤ :- ਦੇਖੋ ਆਦਮੀ ਔਰਤਾਂ ਵਿੱਚ ਸੌ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਨੇ ਤੇ ਸੌ ਵਾਰੀ ਲੜਾਈ ਹੁੰਦੀ ਹੈ, ਪਰ ਜੇ ਬੰਦਾ ਜਨਾਨੀ ਤੇ ਹੱਥ ਚੁੱਕੇ ਜਾਂ ਦੂਜਾ

ਵਿਆਹ ਕਰਾਉਣ ਦੀਆਂ ਧਮਕੀਆਂ ਦੇਵੇ, ਇਹ ਤਾਂ ਫ਼ੇਰ ਬਹੁਤ ਗ਼ਲਤ ਆ... ਜੇ ਸਾਡੀ ਕੁੜੀ ਦੀ ਕੋਈ ਗ਼ਲਤੀ ਆ ਤਾਂ ਤੂੰ ਮੈਨੂੰ ਦੱਸ... ਮੈਂ ਖੁਦ ਸਮਝਾਉਂ ਇਹਨੂੰ ਪਰ ਜੇ ਤੂੰ ਐਵੇਂ ਕੁੜੀ ਨੂੰ ਮਾਰੇਂ ਗਾਂ, ਕੁੱਟੇ ਗਾਂ... ਫ਼ੇਰ ਨ੍ਹੀ ਮੈਂ ਅਪਣੀ ਕੁੜੀ ਨੂੰ ਭੇਜਦੀ..।

(ਬਸੰਤ ਕੌਰ ਨੇ ਵੀ ਉਸਦੀ ਗੱਲ ਦਾ ਜਵਾਬ ਦਿੰਦੇ ਹੋਏ ਹੱਥ ਜੋੜ ਦਿੱਤੇ...)
।

ਪਰ ਲਵਪ੍ਰੀਤ ਜਿਵੇਂ ਸਾਰੀ ਤਿਆਰੀ ਨਾਲ ਹੀ ਆਇਆ ਸੀ ਤੇ ਉਸਨੇ ਸਾਰਿਆਂ ਸਾਹਮਣੇ ਹੱਥ ਜੋੜ ਸੁਖਵਿੰਦਰ ਕੋਲੋਂ ਮਾਫ਼ੀ ਮੰਗੀ ਤੇ ਕਿਹਾ ਕਿ ਅੱਜ ਤੋਂ ਬਾਅਦ ਕੋਈ ਵੀ ਅਜਿਹੀ ਗ਼ਲਤੀ ਨਹੀਂ ਕਰਦਾ, ਉਸ ਕੋਲੋਂ ਜੋ ਹੋਇਆ ਉਹ ਸਿਰਫ਼ ਗੁੱਸੇ ਵਿੱਚ ਹੋਇਆ ਉਸਨੇ ਕੋਈ ਦੂਜਾ ਵਿਆਹ ਨਹੀਂ ਕਰਵਾਉਣਾ। ਉਸ ਵਖ਼ਤ ਉਸਦੀ ਨੌਕਰੀ ਚਲੀ ਗਈ ਸੀ ਤੇ ਉਸ ਨੇ ਅਪਣੇ ਬੱਚੇ ਵੀ ਖੋ ਦਿੱਤੇ ਇਸੇ ਲਈ ਮੈਂ ਸਾਰਾ ਗੁੱਸਾ ਤੇਰੇ ਤੇ ਲਾਉਂਦਾ ਰਿਹਾ। ਮੈਂ ਅਪਣੀ ਕੀਤੀ ਗ਼ਲਤੀ ਤੇ ਬਹੁਤ ਸ਼ਰਮਿੰਦਾ ਹਾਂ....।

ਸੁਖਵਿੰਦਰ :- ਅੱਛਾ ਜੀ.. ਤੁਸੀਂ ਅਪਣੇ ਬੱਚੇ ਖੋਏ ਤੇ ਮੈਂ ਨ੍ਹੀ ਖੋਏ...? ਮੇਰੇ ਤੇ ਕੀ ਬੀਤ ਦੀ ਸੀ ਉਸ ਸਮੇਂ.. ਤੂੰ ਪੁੱਛਿਆ ਕਦੇ ਕੋਲ ਬੈਠ ਮੇਰਾ ਹਾਲ..?? ਜਦ ਅੰਦਰ ਕੱਲੀ ਬੈਠ ਬੈਠ ਰੋਂਦੀ ਹੁੰਦੀ ਸੀ..। (ਸੁਖਵਿੰਦਰ ਦੀਆਂ ਗੱਲਾਂ ਸੁਣ ਐਵੇਂ ਲੱਗ ਰਿਹਾ ਸੀ ਜਿਵੇਂ ਉਹ ਅਪਣੇ ਦਿਲ ਦੀ ਸਾਰੀ ਭੜਾਸ ਜਿਹੀ ਕੱਢ ਰਹੀ ਹੋਵੇ)

ਤੇ ਉਥੇ ਕੋਲ ਬੈਠਾ ਲਵਪ੍ਰੀਤ ਦਾ ਬਾਪ ਵੀ ਬੋਲਿਆ ਕਿ ਦੇਖ ਧੀਏ... ਮੈਂਨੂੰ ਨ੍ਹੀ ਪਤਾ ਸੀ ਕਿ ਥੋੜੇ ਦੋਵਾਂ ਵਿੱਚ ਕੀ ਕੁੱਝ ਹੋ ਰਿਹਾ ਹੈ ਤੇ ਜੇਕਰ ਮੈਂਨੂੰ ਇਸ ਬਾਰੇ ਪਤਾ ਹੁੰਦਾ ਤਾਂ ਮੈਂ ਕਦੇ ਵੀ ਗੱਲ ਇੱਥੇ ਤੱਕ ਪਹੁੰਚਣ ਹੀ ਨਾ ਦਿੰਦਾ...

ਉਥੇ ਹੀ ਬਸੰਤ ਕੌਰ ਨੂੰ ਵੀ ਸਮਝਾਉਣ ਲੱਗ ਜਾਂਦਾ ਕਿ ਹੁਣ ਉਹ ਖੁਦ ਸੁਖਵਿੰਦਰ ਦੀ ਜਿੰਮੇਵਾਰੀ ਲੈਂਦਾ ਹੈ ਤੇ ਅੱਜ ਤੋਂ ਬਾਅਦ ਲਵਪ੍ਰੀਤ ਕਦੇ ਵੀ ਇਸ ਨੂੰ ਕੁੱਝ ਵੀ ਨਹੀਂ ਕਹੇਗਾ... ਬਸ ਇੱਕ ਵਾਰੀ ਮੇਰੇ ਤੇ ਭਰੋਸਾ ਕਰਕੇ ਇਸਨੂੰ ਸਾਡੇ ਨਾਲ ਭੇਜ ਦੇਵੋ... ਤੇ ਜੇ ਮੁੜ ਕਦੇ ਫ਼ੇਰ ਏਹੋ ਜਿਹਾ ਕੁੱਝ ਵੀ ਹੋਇਆ ਤਾਂ ਜਿਵੇਂ ਤੁਸੀਂ ਕਰੋਂ ਗੇ ਤਾਂ ਉਹ ਸਾਨੂੰ ਮੰਜ਼ੂਰ ਹੈ ਤੇ ਇੱਥੇ ਥੋੜੀ ਪੰਚਾਇਤ ਦੇ ਬੰਦੇ ਵੀ ਬੈਠੇ ਨੇ ਤੇ ਇਹਨਾਂ ਸਾਹਮਣੇ ਮੈਂ ਅਪਣੀ ਜ਼ੁਬਾਨ ਦਿੰਦਾ ਹਾਂ ਕਿ ਮੁੜ ਹੁਣ ਕਦੇ ਵੀ ਅਜਿਹੀ ਨੌਬਤ ਹੀ ਨਹੀਂ ਆਵੇਗੀ... |

ਫ਼ੇਰ ਉਹਨਾਂ ਦੇ ਪਿੰਡ ਦਾ ਸਰਪੰਚ ਵੀ ਬਸੰਤ ਕੌਰ ਨੂੰ ਬੋਲਿਆ...

ਸਰਪੰਚ:- ਦੇਖੋ ਭੈਣ... ਐਵੇਂ ਤਾਂ ਬਹੁਤ ਝਗੜੇ ਹੁੰਦੇ ਨੇ ਬੰਦੇ ਜਨਾਨੀ ਵਿੱਚ ਆਪਾਂ ਛੋਟੀ ਛੋਟੀ ਗੱਲ ਤੋਂ ਜੇ ਕੁੜੀਆਂ ਨੂੰ ਘਰੇ ਬਿਠਾਉਣ ਲੱਗ ਪਏ ਤਾਂ ਫੇਰ ਅੱਧੇ ਪੰਜਾਬ ਦੀਆਂ ਕੁੜੀਆਂ ਅਪਣੇ ਘਰੇ ਹੀ ਬੈਠੀਆਂ ਹੁੰਦੀਆਂ ਤੇ ਕਿਸੇ ਦੇ ਘਰ ਨਾ ਵੱਸਦੇ ... ਇਹ ਤਾਂ ਜਿੱਥੇ ਚਾਰ ਭਾਂਡੇ ਹੁੰਦੇ ਨੇ ਉਹ ਤਾਂ ਖੜ੍ਹਕਦੇ ਹੀ ਹੁੰਦੇ ਨੇ... ਬਾਕੀ ਤੁਸੀਂ ਆਪਣੀਆਂ ਬਾਕੀ ਧੀਆਂ ਦਾ ਵੀ ਤਾਂ ਵਿਆਹ ਕਰਨਾ...|

ਉਹਨਾਂ ਸਾਰਿਆਂ ਦੀਆਂ ਗੱਲਾਂ ਸੁਣ ਕੇ ਬਸੰਤ ਕੌਰ ਵੀ ਉਹਨਾਂ ਨਾਲ ਸਹਿਮਤ ਹੋ ਗਈ ਤੇ ਅਪਣੀ ਕੁੜੀ ਸੁਖਵਿੰਦਰ ਨੂੰ ਸਮਝਾਉਣ ਲੱਗ ਪਈ ਤੇ ਕਿਹਾ....

ਬਸੰਤ :- ਦੇਖ ਧੀਏ.. ਹੁਣ ਗੱਲ ਤਾਂ ਇਹਨਾਂ ਦੀ ਵੀ ਸਹੀ ਲੱਗਦੀ ਤੂੰ ਦੇਖ ਕਿਵੇਂ ਕਰਨਾ...।

(ਬਸੰਤ ਕੌਰ ਨੇ ਸੁਖਵਿੰਦਰ ਦਾ ਜਵਾਬ ਸੁਣਨਾ ਚਾਹਿਆ ਤੇ ਸੁਖਵਿੰਦਰ ਨੇ ਕਿਹਾ...)

ਸੁਖਵਿੰਦਰ :- ਮੰਮੀ... ਮੈਂ ਨ੍ਹੀ ਜਾਣਾ ਹੁਣ ਕਿਤੇ ਵੀ... ਮੈਂ ਕੰਮ ਕਰਨਾ ਹੁਣ ਤੇ ਤੇਰਾ ਇਲਾਜ਼ ਕਰਵਾਉਣਾ...।

ਬਸੰਤ :- ਮੈਨੂੰ ਕੀ ਹੋਇਆ ਇਲਾਜ਼ ਨੂੰ... ਮੈਂ ਬਿਲਕੁਲ ਠੀਕ ਹਾਂ... ਇਹ ਤਾਂ ਵਧਦੀ ਉਮਰ ਨਾਲ ਹੁੰਦਾ ਹੀ ਹੈ ਹਰੇਕ ਨਾਲ ਤੂੰ ਇਸਦੀ ਫ਼ਿਕਰ ਨਾ ਕਰ..... ਨਾਲੇ ਬਾਕੀ ਕੁੜੀਆਂ ਹੈਗੀਆਂ ਨੇ ਮੇਰਾ ਖਿਆਲ ਰੱਖਣ ਵਾਸਤੇ ਤੂੰ ਅਪਣਾ ਘਰ ਵਸਾ ਜਾਕੇ... ਨਾਲ਼ੇ ਜੇ ਤੂੰ ਅਪਣੇ ਸੋਹਰੇ ਘਰ ਰਹੇ ਗੀਂ... ਤਾਂ ਮੈਂ ਤਾਂ ਤੈਨੂੰ ਆਪੇ ਦੇਖ ਕੇ ਠੀਕ ਹੋ ਜਾਣਾ.... ਤੂੰ ਇੱਕ ਵਾਰ ਚਲੀ ਜਾ ਇਹਨਾਂ ਨਾਲ ਤੇ ਹੁਣ ਤਾਂ ਪੰਚਾਇਤ ਵਿੱਚ ਗੱਲ ਹੋਈ ਹੈ ਸਾਰੀ.... ਜੇ ਮੁੜ ਕੋਈ ਐਹੋ ਜਿਹੀ ਗੱਲ ਹੋਈ ਤਾਂ ਫ਼ੇਰ ਮੈਂ ਖੁਦ ਲੈ ਕੇ ਆਉਂ ਤੈਨੂੰ ਵਾਪਿਸ...।

ਸੁਖਵਿੰਦਰ ਥੋੜ੍ਹਾ ਸਮਾਂ ਚੁੱਪ ਰਹੀ ਤੇ ਫ਼ੇਰ ਤੋਂ ਅਪਣੇ ਆਪ ਨੂੰ ਓਸੇ ਨਰਕ ਵਿੱਚ ਜਾਂਦੀ ਨੂੰ ਦੇਖਣ ਲੱਗੀ... ਉਸ ਨੇ ਕਦੇ ਵੀ ਅਪਣੇ ਘਰ ਇਹ ਨਹੀਂ ਸੀ ਦੱਸਿਆ ਕਿ ਉਸਨੇ ਤਾਂ ਮਰਨ ਦਾ ਫੈਸਲਾ ਲਿਆ ਹੋਇਆ ਸੀ ਤੇ ਜੇਕਰ ਉਹ ਸਾਰੇ ਦੁੱਖ ਅਪਣੀ ਮਾਂ ਨੂੰ ਸੁਣਾ ਦਿੰਦੀ ਤਾਂ ਸ਼ਾਇਦ ਉਸਨੇ ਵਾਪਿਸ ਜਾਣ ਦੀ ਗੱਲ ਕਦੇ ਵੀ ਨਹੀਂ ਸੀ ਕਰਨੀ...।

ਤੇ ਥੋੜ੍ਹਾ ਜਿਹਾ ਸਮਾਂ ਚੁੱਪ ਰਹਿ ਕੇ ਫ਼ੇਰ ਬੋਲੀ...

ਸੁਖਵਿੰਦਰ :- ਠੀਕ ਐ ਜੀ... ਮੈਂ ਤਿਆਰ ਹਾਂ ਜਾਣ ਲਈ... ਪਰ..।

(ਕੀ ਪਰ..? ਲਵਪ੍ਰੀਤ ਦਾ ਬਾਪ ਬੋਲਿਆ)

ਸੁਖਵਿੰਦਰ :- ਪਰ.. ਇਹੀ ਕਿ ਉਸਨੇ ਅਪਣੀ ਮਾਂ ਦਾ ਇਲਾਜ਼ ਖੁਦ ਕਰਵਾਉਣਾ ਹੈ ਤੇ ਜੇਕਰ ਇਹ ਸਾਰਾ ਖਰਚਾ ਲਵਪ੍ਰੀਤ ਖੁਦ ਕਰੇ ਗਾ ਤਾਂ ਮੈਂ ਜਾਣ ਲਈ ਤਿਆਰ ਹਾਂ... ਤੇ ਦੂਜੀ ਗੱਲ ਹੁਣ ਲਵਪ੍ਰੀਤ ਕਦੇ ਵੀ ਮੇਰੇ ਨਾਲ ਮੈਂਨੂੰ ਮਾਂ ਬਣਾਉਣ ਲਈ ਧੱਕਾ ਨਹੀਂ ਕਰੇ ਗਾ ਕਿਉਂਕਿ ਡਾਕਟਰਾਂ ਨੇ ਮੈਂਨੂੰ ਦੱਸਿਆ ਹੈ ਕਿ ਉਸ ਦੇ ਸ਼ਰੀਰ ਵਿੱਚ ਦੋ ਜਵਾਕਾਂ ਦੀ ਮੌਤ ਨਾਲ ਢਿੱਡ ਅੰਦਰ ਕਿਸੇ ਕਿਸਮ ਦੀ ਜ਼ਿਹਰ ਫੈਲ ਗਈ ਹੈ ਤੇ ਜਦੋਂ ਤੱਕ ਉਹ ਨਹੀਂ ਨਿਕਲ ਦੀ ਉਦੋਂ ਤੱਕ ਬੱਚਾ ਨਹੀਂ ਬਣ ਸਕਦਾ। ਇਸੇ ਲਈ ਉਹ ਇੱਕ ਬੱਚੇ ਨੂੰ ਗੋਦ ਲੈਣ ਗੇ...। ਫ਼ੇਰ ਮੈਂ ਤਿਆਰ ਹਾਂ ਜਾਣ ਲਈ.... ਦੱਸੋ ਜੀ ਤਿਆਰ ਹੋ...?

(ਸੁਖਵਿੰਦਰ ਨੂੰ ਲੱਗਦਾ ਸੀ ਕਿ ਲਵਪ੍ਰੀਤ ਨੇ ਉਸਦੀਆਂ ਇਹ ਸ਼ਰਤਾਂ ਕਦੇ ਵੀ ਨਹੀਂ ਮੰਨਣੀਆਂ ਤੇ ਉਹ ਖੁਦ ਹੀ ਸੁਖਵਿੰਦਰ ਨੂੰ ਨਾਲ ਲੈ ਕੇ ਜਾਣ ਦੀ ਗੱਲ ਤੋਂ ਪਿੱਛੇ ਹੱਟ ਜਾਵੇ ਗਾ... ਪਰ ਇਸਦੇ ਉਲਟ ਲਵਪ੍ਰੀਤ ਨੇ ਉਸ ਦੀਆਂ ਸਾਰੀਆਂ ਗੱਲਾਂ ਵਿੱਚ ਪੰਚਾਇਤ ਵਿੱਚ ਹਾਮੀ ਭਰ ਦਿੱਤੀ...)

ਸੁਖਵਿੰਦਰ ਉਸਦਾ ਜਵਾਬ ਸੁਣ ਕੇ ਬਹੁਤ ਹੈਰਾਨ ਹੋਈ ਤੇ ਉਸ ਨੂੰ ਹੁਣ ਕੋਈ ਉਮੀਦ ਨਹੀਂ ਸੀ ਲੱਗ ਰਹੀ ਕਿ ਉਹ ਹੁਣ ਅਪਣੇ ਘਰ ਅਪਣੀ ਮਾਂ ਕੋਲ ਰਹਿ ਸਕੇ ਗੀ...

ਤੇ ਜੋ ਤਿਆਰੀ ਉਸ ਨੇ ਚੰਡੀਗੜ੍ਹ ਮੇਰੇ ਕੋਲ ਆਉਣ ਲਈ ਕੀਤੀ ਸੀ.. ਓਹੀ ਸਮਾਨ ਵਾਲਾ ਬੈਗ ਚੁੱਕ ਉਹ ਲਵਪ੍ਰੀਤ ਨਾਲ ਤੁਰ ਪਈ.....।

ਇਹ ਉਸ ਦੀ ਦੂਜੀ ਵਿਦਾਈ ਸੀ... ਪਹਿਲੀ ਵਿਦਾਈ ਵਿੱਚ ਵੀ ਉਹ ਅਪਣੀ ਮਰਜ਼ੀ ਤੋਂ ਬਿਨਾਂ ਹੀ ਗਈ ਸੀ ਤੇ ਹੁਣ ਵੀ ਉਸਦਾ ਦਿਲ ਨਹੀਂ ਸੀ ਮੰਨ ਰਿਹਾ ਜਾਣ ਲਈ..., ਪਰ ਅਪਣੀ ਮਾਂ ਦੇ ਆਖੇ ਲੱਗ ਉਹ ਚਲੀ ਗਈ...।

ਸਮਾਂ ਬਹੁਤ ਹੋਗਿਆ ਸੀ ਤੇ ਮੈਂ ਅਜੇ ਤੱਕ ਸੁਖਵਿੰਦਰ ਦਾ ਇੰਤਜ਼ਾਰ ਚੰਡੀਗੜ੍ਹ ਕਰ ਰਿਹਾ ਸੀ.. ਮੈਂ ਸੋਚੀ ਜਾ ਰਿਹਾ ਸੀ ਕਿ ਉਸਦਾ ਕੋਈ ਫ਼ੋਨ ਹੀ ਨਹੀਂ ਆਇਆ ਉਹ ਘਰੋਂ ਤੁਰ ਪਈ ਹੋਵੇ ਗੀ ਜਾਂ ਨਹੀਂ.. ਇੰਤਜ਼ਾਰ ਕਰਦੇ ਨੂੰ ਵੀ ਬਹੁਤ ਸਮਾਂ ਹੋ ਗਿਆ ਸੀ ਤੇ ਸੁਖਵਿੰਦਰ ਦਾ ਅਜੇ ਤੱਕ ਕੋਈ ਫ਼ੋਨ ਜਾਂ ਮੈਸੇਜ਼ ਨਹੀਂ ਸੀ ਆਇਆ ਤੇ ਨਾ ਹੀ ਉਹ ਖੁਦ ਆਈ...।


www.PunjabiLibrary.com

ਫ਼ੇਰ ਮੈਂ ਸੋਚਿਆ ਕਿ ਮੈਂ ਖੁਦ ਹੀ ਉਸਨੂੰ ਫ਼ੋਨ ਕਰਕੇ ਪੁੱਛ ਲੈਂਦਾ ਹਾਂ.. ਕਿ ਉਹ ਘਰੋਂ ਨਿਕਲ ਚੁੱਕੀ ਹੈ ਜਾਂ ਨਹੀਂ...

ਜਦੋਂ ਮੈਂ ਫ਼ੋਨ ਕੀਤਾ ਤਾਂ ਫ਼ੋਨ ਉਸਦੀ ਮਾਂ ਨੇ ਚੁੱਕਿਆ..

ਬਸੰਤ :- ਹੈਲੋ....!

ਮੈਂ :- ਹੈਲੋ..... ਸਤਿ ਸ੍ਰੀ ਅਕਾਲ ਆਂਟੀ ਜੀ...

ਬਸੰਤ :- ਸਸਰੀ-ਕਾਲ ਪੁੱਤ...ਕੌਣ ਬੋਲ ਰਿਹਾ...?

ਮੈਂ :- ਜੀ ਮੈਂ ਚੰਡੀਗੜ੍ਹ ਤੋਂ ਦੀਪ... ਉਹ ਸੁਖਵਿੰਦਰ ਨੇ ਅੱਜ ਆਉਣਾ ਸੀ... ਉਹ ਤੁਰ ਪਈ ਘਰੋਂ ਜਾਂ ਨਹੀਂ...?

ਬਸੰਤ :- ਅੱਛਾ... ਉਹ ਤਾਂ ਪੁੱਤ ਤਿਆਰ ਹੋਈ ਸੀ ਤੇਰੇ ਕੋਲ ਆਉਣ ਲਈ... ਪਰ ਅੱਜ ਉਸ ਦਾ ਘਰਵਾਲਾ ਲੈਣ ਲਈ ਆ ਗਿਆ ਸੀ ਤੇ ਉਹਨੂੰ ਨਾਲ ਲੈ ਗਿਆ...।

ਮੈਂ :- ਅੱਛਾ ਜੀ....! ਪਰ.... ਚਲੋ ਛੱਡੋ... ਹੋਰ ਦੱਸੋ.... ਤੁਸੀਂ ਠੀਕ ਹੋ ਹੁਣ..?

ਬਸੰਤ :- ਹਾਂ.. ਪੁੱਤ ਮੈਂ ਤਾਂ ਠੀਕ ਹਾਂ... ਤੂੰ ਦੱਸ.. ।

ਮੈਂ :- ਹਾਂ ਜੀ ਮੈਂ ਵੀ ਵਧੀਆ ਹਾਂ...। ਚਲੋ ਠੀਕ ਐ ਜੀ ਮੈਂ ਤਾਂ ਬਸ ਇੰਨਾਂ ਹੀ ਪੁੱਛਣਾ ਸੀ..।

ਬਸੰਤ :- ਠੀਕ ਐ.. ਪੁੱਤ..।

ਮੈਂ ਉਹਨਾਂ ਨਾਲ ਸੁਖਵਿੰਦਰ ਬਾਰੇ ਜ਼ਿਆਦਾ ਗੱਲ ਇਸੇ ਲਈ ਨ੍ਹੀ ਕੀਤੀ ਤਾਂ ਕਿ ਉਹਨਾਂ ਨੂੰ ਇਹ ਨਾ ਲੱਗੇ ਕਿ ਮੈਂ ਉਹਨਾਂ ਦੇ ਘਰ ਦੇ ਮਾਮਲੇ ਵਿੱਚ ਜ਼ਿਆਦਾ ਦਖ਼ਲ ਦੇ ਰਿਹਾ ਹਾਂ। ਇਸੇ ਲਈ ਇੰਨੀ ਗੱਲ ਸੁਣ ਹੀ ਮੈਂ ਫ਼ੋਨ ਕੱਟ ਦਿੱਤਾ ਤੇ ਓਥੇ ਹੀ ਬੈਠ ਗਿਆ ਤੇ ਪਤਾ ਨਹੀਂ ਕਿਉਂ ਉਸ ਸਮੇਂ ਮੇਰੀਆਂ ਅੱਖਾਂ ਵਿੱਚ ਪਾਣੀ ਸੀ.. ਪਹਿਲਾਂ ਤਾਂ ਮੈਂ ਇੰਨਾਂ ਖੁਸ਼ ਸੀ ਕਿ ਉਸਨੇ ਮੇਰੇ ਕੋਲ ਚੰਡੀਗੜ੍ਹ ਆਉਣਾ ਹੈ ਤੇ ਫ਼ੇਰ ਅਚਾਨਕ ਹੀ ਉਹ ਅਪਣੇ ਸੋਹਰੇ ਚਲੀ ਗਈ.. ਮੈਨੂੰ ਪੂਰੀ ਗੱਲ ਦਾ ਉਸ ਸਮੇਂ ਨਹੀਂ ਸੀ ਪਤਾ ਤਾਹੀਓਂ ਮੈਂ ਬਿਨਾਂ ਕੁੱਝ ਸੋਚੇ ਸਮਝੇ ਸੁਖਵਿੰਦਰ ਨੂੰ ਗ਼ਲਤ ਬੋਲਣਾ ਸ਼ੁਰੂ ਕਰ ਦਿੱਤਾ ਕਿ ਉਹ ਤਾਂ ਏਡੀਆਂ ਏਡੀਆਂ ਗੱਲਾਂ ਕਰਦੀ ਸੀ ਕਿ ਹੁਣ ਕਦੇ ਨਹੀਂ ਜਾਣਾ ਸੋਹਰੇ ਤੇ ਹੁਣ ਚਲੀ ਵੀ ਗਈ। ਮੈਂ ਸੋਚੀ ਜਾ ਰਿਹਾ ਸੀ ਕਿ ਇਹਨਾਂ ਕੁੜੀਆਂ ਤੇ ਕਦੇ ਵੀ ਨਾ ਭਰੋਸਾ ਕਰੋ,.. ਇਹ ਬੋਲਦੀਆਂ ਕੁੱਝ ਹੋਰ ਨੇ ਤੇ ਕਰਦੀਆਂ ਕੁੱਝ ਹੋਰ ਨੇ... ਮੇਰਾ ਮਨ ਬਹੁਤ ਜ਼ਿਆਦਾ ਉਦਾਸ ਜਿਹਾ ਹੋ ਗਿਆ ਸੀ...।

ਮੈਂ ਹੁਣ ਸਮਝ ਚੁੱਕਾ ਸੀ ਕਿ ਉਹ ਜਦੋਂ ਮੇਰੇ ਕੋਲ ਚੰਡੀਗੜ੍ਹ ਆਈ ਸੀ ਤਾਂ ਉਹ ਕਿਉਂ ਵਾਰ ਵਾਰ ਕਹਿ ਰਹੀ ਸੀ ਕਿ ਉਸਨੇ ਅਪਣੇ ਘਰ ਨਹੀਂ ਜਾਣਾ... ਸ਼ਾਇਦ ਇਸੇ ਲਈ... ਉਸ ਨੂੰ ਪਤਾ ਹੋਣਾ ਕਿ ਉਸ ਨਾਲ ਇਹ ਜ਼ਰੂਰ ਹੋਵੇਗਾ...।

ਮੈਂ ਪਹਿਲਾਂ ਸੋਚਿਆ ਹੋਇਆ ਸੀ ਕਿ ਜਦੋਂ ਵੀ ਉਸਦਾ ਤਲਾਕ ਹੋ ਗਿਆ ਤਾਂ ਮੈਂ ਖੁਦ ਉਸਨੂੰ ਮੇਰੇ ਨਾਲ ਵਿਆਹ ਕਰਵਾਉਣ ਬਾਰੇ ਪੁੱਛ ਲਵਾਂਗਾਂ..... ਕਿਉਂਕਿ ਮੈਂ ਅਜੇ ਵੀ ਕਿਤੇ ਨਾ ਕਿਤੇ ਉਸਨੂੰ ਬਹੁਤ ਪਿਆਰ ਕਰਦਾ ਸੀ।


www.PunjabiLibrary.com

ਪਰ ਮੇਰੇ ਉਸਨੂੰ ਲੈ ਕੇ ਸਾਰੇ ਸੰਜੋਏ ਸੁਪਨੇ ਵੀ ਕੱਚ ਦੇ ਵਾਂਗ ਟੁੱਟ ਗਏ ਸੀ। ਹੁਣ ਬਿਲਕੁਲ ਮੈਨੂੰ ਓਸੇ ਦਿਨ ਵਾਂਗ ਲੱਗ ਰਿਹਾ ਸੀ ਜਦੋਂ ਮੈਨੂੰ ਓਸ ਦੇ ਵਿਆਹ ਵਾਰੇ ਪਤਾ ਲੱਗਾ ਸੀ ਤੇ ਮੇਰੇ ਦਿਲ ਤੇ ਕੀ ਬੀਤੀ ਸੀ....। ਪਰ ਹੁਣ ਮੈਂ ਕਰ ਵੀ ਕੀ ਸਕਦਾ ਸੀ ਚੁੱਪ ਕਰਕੇ ਬੈਠ ਗਿਆ...।

ਹੁਣ ਮੇਰੀ ਵੀ ਚੰਡੀਗੜ੍ਹ ਤੋਂ ਜੋ ਪੜ੍ਹਾਈ ਕਰਨੀ ਸੀ ਉਹ ਮੇਰੀ ਪੂਰੀ ਹੋ ਚੁੱਕੀ ਸੀ ਤੇ ਮੈਂ ਵਾਪਿਸ ਅਪਣੇ ਪਿੰਡ ਆਕੇ ਰਹਿਣ ਲੱਗਾ। ਇੱਕ ਦਿਨ ਮੈਂ ਨਾਭੇ ਸ਼ਹਿਰ ਵਿੱਚ ਕਿਸੇ ਕੰਮ ਲਈ ਗਿਆ ਹੋਇਆ ਸੀ ਤੇ ਓਥੇ ਹੀ ਮੈਨੂੰ ਸੁਖਵਿੰਦਰ ਦੀ ਛੋਟੀ ਭੈਣ ਬਬਲੀ ਮਿਲੀ ਤੇ ਮੈਂ ਉਸ ਨੂੰ ਬੁਲਾ ਲਿਆ। ਉਸ ਨੂੰ ਮੈਂ ਉਸਦੇ ਘਰ ਦਾ ਹਾਲ ਚਾਲ ਪੁੱਛਦੇ ਨੇ ਸੁਖਵਿੰਦਰ ਬਾਰੇ ਵੀ ਪੁੱਛਿਆ... ਤਾਂ ਉਸਨੇ ਮੈਨੂੰ ਇਹ ਸਾਰੀਆਂ ਗੱਲਾਂ ਦੱਸੀਆਂ.... ਕਿ ਉਹ ਕਿਸ ਤਰ੍ਹਾਂ ਨਾਲ ਮਜ਼ਬੂਰ ਹੋਕੇ ਘਰੋਂ ਗਈ ਸੀ ਤੇ ਹੁਣ ਲਵਪ੍ਰੀਤ ਨੇ ਵੀ ਅਪਣੇ ਕੀਤੇ ਵਾਅਦੇ ਮੁਤਾਬਕ ਬਸੰਤ ਕੌਰ ਦਾ ਇਲਾਜ਼ ਕਰਵਾਇਆ ਤੇ ਇੱਕ ਬੱਚੇ ਨੂੰ ਗੋਦ ਲਿਆ।

ਸੁਖਵਿੰਦਰ ਅਪਣੇ ਬੱਚੇ ਨਾਲ ਅਪਣਾ ਸਮਾਂ ਬਤੀਤ ਕਰਦੀ ਤੇ ਹੁਣ ਉਹ ਪਹਿਲਾਂ ਨਾਲੋਂ ਖੁਸ਼ ਸੀ। ਲਵਪ੍ਰੀਤ ਦੇ ਵਿੱਚ ਵੀ ਪਹਿਲਾਂ ਨਾਲੋਂ ਬਹੁਤ ਬਦਲਾਅ ਆਇਆ ਸੀ। ਲਵਪ੍ਰੀਤ ਦਾ ਬਾਪ ਵੀ ਇਹਨਾਂ ਨਾਲ ਹੀ ਰਹਿਣ ਲੱਗਾ ਤਾਂ ਕਿ ਲਵਪ੍ਰੀਤ ਹੁਣ ਪਹਿਲਾਂ ਵਾਲੀਆਂ ਗ਼ਲਤੀਆਂ ਨਾ ਦੁਹਰਾਏ।

ਜਿੱਥੇ ਤੱਕ ਸੁਖਵਿੰਦਰ ਦੇ ਸੁਪਨੇ ਦੀ ਗੱਲ ਸੀ ਤਾਂ ਉਹ ਜਿੱਥੇ ਉਸਨੇ ਅਪਣੇ ਬੱਚੇ ਨੂੰ ਪੜ੍ਹਨ ਲਈ ਲਾਇਆ ਸੀ ਓਥੇ ਹੀ ਇੱਕ ਅਧਿਆਪਕ ਨਾਲ ਗੱਲ ਕਰਕੇ ਓਥੇ ਦੀਆਂ ਕੁੜੀਆਂ ਨੂੰ ਖੇਡਾਂ ਸਿਖਾਉਂਦੀ ਤੇ ਉਹਨਾਂ ਵਿੱਚ ਅਪਣੇ


www.PunjabiLibrary.com

ਆਪ ਨੂੰ ਦੇਖਦੀ। ਅੱਜ ਉਸਦੀਆਂ ਸਿਖਾਂਈਆਂ ਕੁੜੀਆਂ ਵਿੱਚੋਂ ਇੱਕ ਕੁੜੀ ਨੈਸ਼ਨਲ ਖੇਡੀ ਹੈ ਤੇ ਤਿੰਨ ਕੁੜੀਆਂ ਸਟੇਟ ਲੈਵਲ ਤੇ ਖੇਡੀਆਂ ਹਨ। ਉਹਨਾਂ ਕੁੜੀਆਂ ਦੇ ਦੁਆਰਾ ਉਹ ਅਪਣੇ ਸੁਪਨੇ ਨੂੰ ਪੂਰਾ ਕਰਨ ਵਿੱਚ ਲੱਗੀ ਹੈ। ਸੁਖਵਿੰਦਰ ਦੀ ਮਿਹਨਤ ਨੂੰ ਦੇਖਕੇ ਉਸ ਸਕੂਲ ਨੇ ਵੀ ਸੁਖਵਿੰਦਰ ਨੂੰ ਬਹੁਤ ਮਾਣ ਸਨਮਾਨ ਦਿੱਤਾ ਤੇ ਹੁਣ ਲਵਪ੍ਰੀਤ ਵੀ ਉਸਦੀ ਇੱਜ਼ਤ ਕਰਦਾ। ਉਹ ਕਹਿੰਦੇ ਨੇ ਨਾ... ਕਿ ਜਦੋਂ ਤੱਕ ਕੋਈ ਚੀਜ਼ ਜਾਂ ਇਨਸਾਨ ਅਪਣੇ ਕੋਲ ਹੋਵੇ ਤਾਂ ਆਪਾਂ ਨੂੰ ਓਸ ਵੇਲੇ ਉਸਦੀ ਕਦਰ ਨਹੀਂ ਹੁੰਦੀ ਤੇ ਜਦੋਂ ਉਹ ਅਪਣੇ ਕੋਲੋਂ ਦੂਰ ਹੋ ਜਾਵੇ ਤਾਂ ਉਸ ਵਕ਼ਤ ਆਪਾਂ ਨੂੰ ਉਹਦੀ ਕਮੀ ਰੜਕਦੀ ਹੁੰਦੀ ਹੈ... ਤੇ ਇਵੇਂ ਹੀ ਲਵਪ੍ਰੀਤ ਨਾਲ ਵੀ ਹੋਇਆ ਉਸ ਨੂੰ ਵੀ ਸੁਖਵਿੰਦਰ ਦੇ ਦੂਰ ਜਾਣ ਤੋਂ ਬਾਅਦ ਸਮਝ ਆਈ ਕਿ ਉਸਨੇ ਕੀ ਖੋਇਆ ਹੈ...ਤੇ ਉਸਨੇ ਅਪਣੀ ਗ਼ਲਤੀ ਨੂੰ ਸੁਧਾਰ ਕੇ ਅਪਣੇ ਵਿੱਚ ਬਦਲਾਵ ਲਿਆਂਦਾ.... ਤੇ ਸੁਖਵਿੰਦਰ ਕੋਲੋਂ ਮਾਫ਼ੀ ਮੰਗੀ...।

.. ਮੈਨੂੰ ਇਹ ਸੁਣ ਕੇ ਖੁਸ਼ੀ ਤਾਂ ਹੋਈ ਪਰ ਮੈਂ ਜ਼ਿਆਦਾ ਖੁਸ਼ ਉਦੋਂ ਹੁੰਦਾ ਜਦੋਂ ਮੈਂ ਇਹ

ਸਾਰਾ ਕੁੱਝ ਸੁਖਵਿੰਦਰ ਦੇ ਮੂੰਹੋਂ ਸੁਣਦਾ ਕਿ ਹੁਣ ਉਹ ਸੱਚ ਮੁੱਚ ਖੁਸ਼ ਹੈ ਪਰ ਮੁੜ ਕਦੇ ਵੀ ਮੇਰੀ ਮੁਲਾਕਾਤ ਸੁਖਵਿੰਦਰ ਨਾਲ ਨਾ ਹੋਈ । ਸੁਖਵਿੰਦਰ ਦੀਆਂ ਤਿੰਨੇ ਛੋਟੀਆਂ ਭੈਣਾਂ ਵੀ ਆਪਣੀ ਅੱਗੇ ਦੀ ਪੜ੍ਹਾਈ ਕਰ ਰਹੀਆਂ ਨੇ ਤੇ ਛੋਟਾ ਭਾਈ ਮਨਜੀਤ ਵੀ ਅਪਣਾ ਹੱਥੀਂ ਕੰਮ ਸਿੱਖ ਕੇ ਇੱਕ ਫੈਕਟਰੀ ਵਿੱਚ ਲੱਗ ਗਿਆ, ਜਿਸ ਨਾਲ ਉਹ ਅਪਣੇ ਘਰ ਦੇ ਖ਼ਰਚੇ ਵਿੱਚ ਅਪਣੀ ਮਾਂ ਨਾਲ ਹੱਥ ਵਟਾਉਂਦਾ।

ਆਉਣਾ ਜਾਣਾ ਲੱਗਾ ਰਹਿੰਦਾ

ਜ਼ਿੰਦਗੀ ਵਿੱਚ ਲੋਕਾਂ ਦਾ

ਨਾਲ ਨ੍ਹੀ ਖੜ ਦਾ ਕੋਈ

ਹਾਲ ਇਹ ਅੱਜ ਕੱਲ੍ਹ ਦੇ ਲੋਕਾਂ ਦੇ,

ਕਿਸੇ ਨੂੰ ਮਾੜਾ ਕਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ,

ਅਥਰੂਆਂ ਰਾਹੀ ਵਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ।

ਕਿਉਂ ਵਹਾ ਰਿਹਾ ਏ ਪਾਣੀ ਵਾਂਗ

ਤੂੰ ਖੁਦ ਅਪਣੇ ਖੁਆਬਾਂ ਨੂੰ,

ਹਿੰਮਤ ਕਰੀ ਸੱਜਣਾਂ ਵੇ

ਉੱਠ ਜਿੱਤ ਖੁਆਬਾਂ ਨੂੰ,

ਮੰਜੇ ਉੱਤੇ ਸੌਣ ਨਾ ਦੇਵੋ

ਅਪਣੇ ਸੁਪਨਿਆਂ ਨੂੰ,

ਅਥਰੂਆਂ ਰਾਹੀਂ ਵਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ।



www.PunjabiLibrary.com

ਬਿਨਾਂ ਚੱਕੀ ਵਿੱਚ ਪੀਸੇ ਤੋਂ

ਆਟਾ ਨਹੀਂ ਬਣਦਾ,

ਸੁਪਨੇ ਹੋਣ ਗੇ ਪੂਰੇ ਕਦੀ

ਘਾਟਾ ਨਹੀਂ ਬਣਦਾ,

ਕਦੀ ਵੀ ਕੱਲੇ ਰਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ,

ਅਥਰੂਆਂ ਰਾਹੀਂ ਵਹਿਣ ਨਾ ਦੇਵੋ

ਅਪਣੇ ਸੁਪਨਿਆਂ ਨੂੰ।

✍ਗੁਰਦੀਪ ਸਿੰਘ ਰੱਖੜਾ

ਇਹ ਕਹਾਣੀ ਕਾਲਪਨਿਕ ਹੈ ਪਰ ਕਾਲਪਨਿਕ ਹੁੰਦੀ ਹੋਈ ਵੀ ਬਹੁਤੀ ਸੱਚ ਹੈ ਕਿਉਂਕਿ ਪਤਾ ਨਹੀਂ ਕਿੰਨੀਆਂ ਕੇ ਕੁੜੀਆਂ ਦਾ ਵਿਆਹ ਉਹਨਾਂ ਦੀ ਮਰਜ਼ੀ ਤੋਂ ਬਿਨਾਂ ਹੀ ਕਰ ਦਿੱਤਾ ਜਾਂਦਾ ਤੇ ਜੋ ਉਹਨਾਂ ਨੇ ਅਪਣੀ ਜ਼ਿੰਦਗੀ ਵਿੱਚ ਸੁਪਨੇ ਸਜਾਏ ਹੁੰਦੇ ਨੇ ਉਹ ਸਾਰੇ ਹੀ ਕੱਚ ਵਾਂਗ ਟੁੱਟ ਕੇ ਬਿਖਰ ਜਾਂਦੇ ਨੇ...।

ਨੋਟ :- ਇਸ ਕਹਾਣੀ ਦੇ ਸਬੰਧ ਵਿੱਚ ਤੁਸੀਂ ਅਪਣੇ ਵਿਚਾਰ ਸਾਡੇ ਨਾਲ ਸਾਂਝੇ ਕਰ ਸਕਦੇ ਹੋ ਜੀ। ਤੇ ਇਸ ਕਹਾਣੀ ਵਿੱਚ ਥੋਨੂੰ ਕੁੱਝ ਵੀ ਸਿੱਖਣ ਨੂੰ



www.PunjabiLibrary.com

ਮਿਲਿਆ ਤਾਂ ਉਹ ਸਾਨੂੰ ਜ਼ਰੂਰ ਦੱਸਣਾ ਜੀ। ਤੇ ਤੁਸੀਂ ਸਾਡੇ ਨਾਲ ਸਾਡੇ ਵੱਟਸਆਪ (whatsapp) ਤੇ ਜਾਂ ਇੰਨਸਟਾਗ੍ਰਾਮ (instagram) ਤੇ ਵੀ ਜੁੜ ਸਕਦੇ ਓ ਜੀ ਤੇ ਸਾਨੂੰ ਮੈਸੇਜ਼ ਭੇਜ ਸਕਦੇ ਓ ਜੀ ਜਾਂ ਫੇਰ ਕਾਲ ਕਰ ਸਕਦੇ ਓ ਜੀ।

ਇਸ ਕਹਾਣੀ ਨੂੰ ਪੜ੍ਹਨ ਲਈ ਮੈਂ ਆਪ ਸਭ ਦਾ ਦਿਲੋਂ ਧੰਨਵਾਦ ਕਰਦਾ 🙏🙏

ਵਲੋਂ :- ਗੁਰਦੀਪ ਸਿੰਘ ਰੱਖੜਾ

ਵੱਟਸਆਪ ਨੰਬਰ (WhatsApp number) :- +91 94656-66693

ਇੰਨਸਟਾਗ੍ਰਾਮ (instagram) :- @deep_jazbati

@gurdeep_rakhra

**Read more books like this at www.PunjabiLibrary.com**